**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥**

# ਜੂਨ ਚੌਰਾਸੀ ਦੇ ਸੂਰੇ ਸ਼ਹੀਦਾਂ ਦੀ 25ਵੀਂ ਬਰਸੀ ਤੇ

# 'ਤੁਸਾਂ ਵੱਲੋਂ ਧਰੇ ਨੀਂਹ ਪੱਥਰ ਤੇ ਖਾਲਸੇ ਦੇ ਦੇਸ਼ ਦੀ ਉਸਾਰੀ, ਸਾਡੇ ਲਈ ਸਾਡੇ ਗੁਰੂ-ਕਰਤੇ ਦਾ ਹੁਕਮ ਫੁਰਮਾਨ'

# ਪੰਥ ਦੀ ਸੱਥ, ਸੰਗਤ ਦੇ ਸਨਮੁਖ ਇਹ ਗੁਰਸਿਖ ਕਾਫਲਾ

ਅੱਜ ਤੋਂ 25 ਵਰ੍ਹੇ ਪਹਿਲਾਂ, ਸ੍ਰੀ ਹਰਿਮੰਦਰ ਸਾਹਿਬ ਉਤੇ ਧਾੜਵੀ ਹੋ ਚੜ੍ਹ ਆਈਆਂ ਬਿਪਰਨ ਜਾਬਰ ਧ੍ਰੋਹੀ ਦਿਲੀ ਤਖਤ ਦੀਆਂ ਫੌਜਾਂ ਨਾਲ, ਗੁਰੂ ਦੇ ਦੁਆਰਾ ਲੋਹਾ ਖੜਕਾਉਂਦਿਆਂ, ਖਾਲਸਾ ਪੰਥ ਦੇ ਮਹਾਨ ਸ਼ਹੀਦ ਸੂਰੇ ਸੰਤ, ਭਗਤ, ਜਰਨੈਲ ਸਿੰਘ ਖਾਲਸਾ ਜੀ ਅਤੇ ਉਨਾਂ ਦੀ ਅਗਵਾਈ ਵਿਚ ਸਮੂਹ ਸ਼ਹੀਦ ਸੂਰੇ ਸਿਘਾਂ ਦੀ ਯਾਦ ਵਿਚ, ਸੰਸਾਰ ਦੇ ਕਿਸੇ ਵੀ ਗੁਰੂ ਘਰ ਵਿਚ ਜੁੜੀ ਬੈਠੀ, ਸਾਡੇ ਗੁਰੂ ਦੀ ਪਿਆਰੀ ਸੰਗਤ ਜੀ,

ਜੂਨ ਚੌਰਾਸੀ, ਸਾਡੇ ਸ੍ਰੀ ਹਰਿਮੰਦਰ ਸਾਹਿਬ ਉਤੇ ਦਿਲੀ ਤਖਤ ਵੱਲੋ ਬੋਲੇ ਫੱਜੀ ਧਾਵੇ ਮਗਰੋਂ, ਗੁਰੂ ਦੇ ਅਸਲ ਸਿਖ ਭਾਈਆਂ ਦੀ ਮੰਜ਼ਿਲ ਸਿਰਫ ਤੇ ਸਿਰਫ ਇਕ ਹੀ ਹੈ। ਇਹ ਮੰਜ਼ਿਲ ਜਿਸ ਨੂੰ ਨੀਅਤ ਹੀ ਸਾਡੇ ਗੁਰੂ-ਕਰਤਾ, ਸਾਡੇ ਗੁਰੂ ਪਿਆਰੇ ਸੂਰੇ ਸ਼ਹੀਦ ਭਾਈਆਂ ਦੁਆਰਾ ਕਰ ਗਏ ਨੇ ਤਾਂ ਨਾ ਅੱਜ, ਨਾ ਦਸ, ਪੰਜਾਹ, ਸੋ, ਹਜਾਰ ਜਾਂ ਇਸ ਤੋਂ ਵੱਧ ਵਰ੍ਹੇ ਵੀ ਗੁਜ਼ਰ ਜਾਵਣ, ਇਨਾਂ ਗੁਰੂ ਦੇ ਅਸਲ ਸਿਖ ਭਾਈਆਂ ਲਈ ਤਾਂ ਇਹ ਇਕੋ ਇਕ ਮੰਜ਼ਿਲ ਹੀ ਬਰਕਰਾਰ ਰਹਿਣੀਂ ਹੈ, ਉਦ ਤਕ, ਜਦ ਤੱਕ ਇਹ ਲਾਲੋਕੇ ਆਪਣੇ ਗੁਰੂ-ਕਰਤੇ ਆਸਰੇ ਇਸ ਮੰਜ਼ਿਲ ਨੂੰ ਸਰ ਨਹੀਂ ਕਰ ਲੈਂਦੇ।

ਲਫਜ਼ ਲਾਲੋਕੇ ਦੇ ਅਸਲ ਅਰਥਾਂ ਅਤੇ ਅਦਭੁਤ ਭੇਦ ਨੂੰ ਉਸ ਦਿਨ ਜਾਣ ਹੀ ਜਾਵਾਂਗੇ, ਜਿਸ ਦਿਨ ਕਰਤੇ ਦੇ ਸੱਚ, ਗਿਆਨ ਦੀ ਅਨਮੋਲ ਦਾਤ ਨੂੰ ਲਾਲੋਕੇ ਸ਼ੁਰੂ ਤੋਂ ਅੱਜ ਤੱਕ ਕਲਮਬੰਦ ਕਰਕੇ ਸੰਸਾਰਕ ਭਾਈ ਚਾਰੇ ਨਾਲ ਬੇਖੌਫ ਸਾਂਝੇ ਕਰ ਰਹੇ ਹੋਵਣਗੇ।

**ਖੋਜਤ ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥** (ਪੰਨਾ 181)

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥** (ਪੰਨਾ 722)

**ਗੁਰੂ ਦੇ ਅਸਲ ਸਿਖ ਭਾਈਆਂ ਦੀ ਮੰਜ਼ਿਲ:** ਸ਼ਹੀਦ, ਸੰਤ-ਭਗਤ, ਸੂਰੇ, ਖਾਲਸੇ ਜਰਨੈਲ ਦੇ ਬੋਲ ਸਨ ਕਿ ਸ੍ਰੀ ਹਰਿਮੰਦਰ ਸਾਹਿਬ ਉਤੇ ਦਿਲੀ ਤਖਤ ਦੀ ਫੋਜੀ ਦਾ ਧਾਵਾਂ, ਖਾਲਿਸਤਾਨ ਦਾ ਨੀਹ ਪੱਥਰ ਹੋਏਗਾ। ਜੂਨ ਚੌਰਾਸੀ ਸਮੇਂ ਅਕ੍ਰਿਤਘਣ ਬਿਪਰਣ ਤਖਤ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਫੌਜੀ ਧਾਵਾ ਬੋਲਕੇ, ਸਿਖਾਂ ਨੂੰ ਭਾਰਤ ਤੋਂ ਵੱਖ ਕਰਦਿਆਂ, ਉਨਾਂ ਦੇ ਆਪਣੇ ਆਜਾਦ ਦੇਸ਼ ਦਾ ਨੀਂਹ ਪੱਥਰ, ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਧਰਾ ਦਿੱਤਾ ਗਿਆ ਸੀ। ਜਿਸ ਉਤੇ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ, ਇਸ ਗੁਰਸਿਖ ਕਾਫਲੇ ਲਈ ਆਪਣੇ ਗੁਰੂ-ਕਰਤਾਪੁਰਖ ਦਾ ਹੁਕਮ, ਰਜਾ ਅਤੇ ਅੱਜ ਦਾ ਮੁਖ ਕਰਮ ਨਿਸਾਣ ਹੈ।

**ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥** (ਪੰਨਾ 142)

**ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥** (ਪੰਨਾ 1019)

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥** (ਪੰਨਾ 1105)

**ਇਕੋ ਮੰਜ਼ਿਲ ਦੀ ਪ੍ਰਾਪਤੀ ਲਈ ਤੁਰਿਓ ਗੁਰਸਿਖਾਂ ਦੇ ਦੋ ਕਾਫਲਿਆਂ ਚੋਂ ਇਕ:**

ਹਾਂ ਇਸ ਇਕੋ ਮੰਜ਼ਿਲ, ਹੁਕਮ-ਫੁਰਮਾਨ ਦੀ ਪੂਰਤੀ ਲਈ ਤੁਰਿਓ ਗੁਰਸਿਖ ਭਾਈਆਂ ਦੇ ਦੋ ਕਾਫਲੇ ਅਤੇ ਇਨਾਂ ਦੋ ਕਾਫਲਿਆਂ ਦੇ ਉਨੀ ਇਕੀ ਦੇ ਫਰਕ ਨਾਲ ਦੋ ਮਾਰਗ ਜਰੂਰ ਹੋ ਸਕਦੇ ਹਨ।

**ਇਕੋ ਮੰਜ਼ਿਲ, ਹੁਕਮ -ਫੁਰਮਾਨ ਦੀ ਪੂਰਤੀ ਲਈ ਤੁਰਿਓ ਦੋ ਕਾਫਲਿਆਂ ਚੋਂ ਇਕ ਇਹ ਗੁਰਸਿਖ ਕਾਫਲਾ:**

ਦਰ ਆਏ ਬਿਪਰਨ ਬ੍ਰਾਹਮਣ ਦੇ ਤਿਲਕ ਜੰਜੂ ਦੀ ਰਾਖੀ ਦਾ ਉਪਕਾਰ ਅਣਗਿਣਤ, ਅਲੇਖ ਅਦਭੁੱਤ ਲਾਸਾਨੀ ਸ਼ਹਾਦਤਾਂ, ਸ਼ਹੀਦੀਆਂ ਨਾਲ ਕਰਕੇ, ਬਹੁਗਿਣਤੀ ਤੋਂ ਅੰਗਰੇਜ ਦੀ ਗੁਲਾਮੀ ਦਾ ਭਾਰ ਉਤਾਰਨ ਲਈ ਕੁਰਬਾਨੀ ਦੇਣ ਨੂੰ ਪਹਿਲੀ ਕਿਤਾਰੇ ਖੜ੍ਹਨ ਵਾਲੇ ਭੋਲੇ ਖਾਲਸਾ ਪੰਥ ਨੇ, ਗੁਰੂ ਭਾਣੇ ਜੇ ਭਾਰਤ ਨਾਲ ਰਹਿਣ ਦਾ ਪ੍ਰਣ ਦੇ ਹੀ ਦਿੱਤਾ ਸੀ ਤਾਂ ਇਹ ਪ੍ਰਣ ਸਿਰਫ ਤੇ ਸਿਰਫ ਬਿਪਰਣ ਤਖਤ ਤੇ ਬਿਰਾਜਮਾਨ ਹੋਣ ਜਾ ਰਹੇ ਕਾਂਗਰਸੀ ਬਿਪਰਨ ਨੇਤਾਵਾਂ ਵਲੋਂ ਦਿੱਤੇ ਇਨਾਂ ਵਾਦਿਆਂ ਬਦਲੇ ਹੀ ਸੀ ਕਿ ਸਿਖਾਂ ਲਈ ਵੱਧ ਅਧਿਕਾਰ ਖਿਤਾ ਹੋਵੇਗਾ, ਜਿਥੇ ਸਿਖ ਵੀ ਆਜਾਦੀ ਦਾ ਨਿਘ ਮਾਣ ਰਹੇ ਹੋਵਣਗੇ ਅਤੇ ਸਿਖਾਂ ਨੂੰ ਮਨਜੂਰ ਸਵਿਧਾਨ ਹੀ ਭਾਰਤ ਦਾ ਸਵਿਧਾਨ ਹੋਵੇਗਾ।

ਪਰ ਪਰਦੇ ਪਿਛੇ ਛੁਪੀ ਜੁਰਾਇਮ ਦੀ ਆਦੀ, ਇਸ ਬਿਪਰਨ ਜਮਾਤ ਨੇ ਤਾਂ ਸਿਖਾਂ ਨੂੰ ਹੀ ਆਪਣੇ ਗੁਲਾਮ ਕਰਕੇ ਰੱਖਣ ਦੀ ਅਕ੍ਰਿਤਘਣੀ ਯੋਜਨਾਂ ਅਧੀਨ, ਭਾਰਤ ਦੀ ਵੰਡ ਵੇਲੇ, ਖਾਲਸੇ ਦੇ ਦੇਸ਼ ਪੰਜਾਬ ਦੇ ਸਿਰ ਤੇ ਆਰਾ ਫੇਰ ਕੇ ਦੋਫਾੜ ਕਰ ਦਿੱਤਾ ਗਿਆ। ਖਾਲਸਾ ਪੰਥ ਨੂੰ ਪਿਆਰੇ ਗੁਰਧਾਮਾਂ ਤੋਂ ਵਿਛੋੜ ਦਿੱਤਾ ਗਿਆ। ਸਿਖਾਂ ਨੂੰ ਪੁਸ਼ਤਾਂ ਤੋਂ ਚਲੇ ਆਉਂਦੇ ਉਨਾਂ ਦੇ ਘਰਾਂ,' ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਤੋਂ ਉਜਾੜ ਦਿੱਤਾ ਗਿਆ। ਲੱਖਾਂ ਪ੍ਰਾਣੀਆਂ ਨੂੰ ਵਸੋਂ ਦੇ ਵਟਵਾਰੇ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਸਿਖਾਂ ਨੂੰ ਨਾ ਮਨਜੂਰ ਸਵਿਧਾਨ, ਖਾਲਸਾ ਪੰਥ ਤੇ ਜਬਰੀ ਲਾਗੂ ਕਰ ਦਿੱਤਾ ਗਿਆ। ਆਪ ਸੰਸਾਰ ਤੇ ਸੱਭ ਤੋਂ ਵੱਧ ਜੁਰਾਇਮ ਪੇਸ਼ਾ ਤੱਤਾਂ ( ਗੇਨਾਂ) ਦੁਆਰਾ ਜਨਮੀ ਇਸ ਬਿਪਰਨ ਜਮਾਤ ਵਲੋਂ, ਉਸੇ ਖਾਲਸਾ ਪੰਥ ਨੂੰ ਜੁਰਾਇਮ ਪੇਸ਼ਾ ਕੋਮ ਦਾ ਖਿਤਾਬ ਦੇ ਦਿੱਤਾ ਜਿਸ ਵੱਲੋਂ ਇਸੇ ਦਰ ਆਏ ਮਜ਼ਲੂਮ ਨੂੰ ਤੇ ਉਸ ਦੇ ਧਰਮ ਨੂੰ ਅਲੇਖ ਅਦਭੁਤ ਲਾਸਾਨੀ ਸ਼ਹਾਦਤਾਂ ਅਤੇ ਸ਼ਹੀਦੀਆਂ ਨਾਲ ਬਚਾਕੇ, ਦਿੱਲੀ ਤਖਤ ਦੇ ਮਾਲਕ ਕਰ ਦੇਣ ਦਾ ਪਰਉਪਕਾਰ ਕੀਤਾ ਗਿਆ ਸੀ।

47 ਦੀ ਵੰਡ ਵੇਲੇ ਹੀ ਸਿਰ ਤੋਂ ਦੋਫਾੜ ਕੀਤੀ, ਖਾਲਸੇ ਦੀ ਧਰਤ ਪੰਜਾਬ ਦੇ ਅਗਾਂਹ ਹੋਰ ਤਿੰਨ ਟੋਟੇ ਕਰਦਿਆਂ, ਦੋ ਨੂੰ ਹਿੰਦੂ ਧਰਤ ਅਤੇ ਵਸੋਂ ਐਲਾਨਦਿਆਂ, ਖਾਲਸਾ ਪੰਥ ਦੀ ਧਰਤ ਅਤੇ ਵਸੋਂ ਨੂੰ ਲੁਟ ਲਿਆ ਗਿਆ। ਆਪ ਸੰਸਾਰ ਤੇ ਸੱਭ ਤੋਂ ਵੱਧ ਜੁਰਾਇਮ ਪੇਸ਼ਾ ਸੁਭਾਅ ਤੱਤਾਂ ( ਗੇਨਾਂ) ਦੀ ਮਾਲਕ ਬਿਪਰਣ ਕਾਂਗਰਸ ਜਮਾਤ ਕੁਣਬੇ ਵਲੋਂ ਸਿਖਾਂ ਨੂੰ ਹੀ ਅਣਖ ਤੋਂ, ਗੈਰਤ ਤੋਂ, ਪਤਿ ਤੋਂ ਸੱਖਣੇ, ਬਿਪਰਣ ਰੀਤ ਕੇਸਾਧਾਰੀ ਹਿੰਦੂ ਕਰਨ ਲਈ, ਹਰ ਅਕ੍ਰਿਤਘਣੇ ਕੁਕਰਮ ਦੀ ਸਿਖਰ ਕੀਤੀ ਗਈ ਅਤੇ ਸੰਸਾਰ ਤੇ ਅਦਭੁਤ, ਬੇਮਿਸਾਲ, ਨਿਰਸਵਾਰਥ ਕੀਤੇ ਪਰਉਪਕਾਰ ਦਾ ਬਦਲਾ ਸਿਖਾਂ ਨੂੰ ਸਿਖਰ ਦੇ ਧ੍ਰੋਹ ਨਾਲ ਚੁਕਾਣ ਦੀ ਬੇਮਿਸਾਲ, ਵਲੱਖਣ, ਉਦਾਹਰਣ ਕਾਇਮ ਕਰ ਦਿੱਤੀ ਗਈ।

ਹੁਣ ਕਰਤੇ ਨੂੰ ਉਸ ਦੀ ਰਜਾ ਅਤੇ ਹੁਕਮ ਵਿਚ ਚੱਲਣ ਵਾਲੇ ਪੰਥ ਦੀ ਗੁਲਾਮੀ, ਹੋਰ ਮਨਜੂਰ ਨਹੀਂ ਸੀ। ਜੂਨ ਚੌਰਾਸੀ ਦੇ ਸ਼ਹੀਦ ਆਪਣੀਆਂ ਸ਼ਹਾਦਤਾਂ ਅਤੇ ਸ਼ਹੀਦੀਆਂ ਦੁਆਰਾ ਆਪਣੇ ਹੱਥੀਂ ਮਜ਼ਲੂਮ ਤੋਂ ਹੁਕਮਰਾਨ ਕੀਤੇ ਬਿਪਰਨ ਜਮਾਤ ਕੁਣਬੇ ਨੂੰ ਭਾਰਤ ਨਾਲ ਰਹਿਣ ਦੇ ਦਿੱਤੇ ਪ੍ਰਣ ਤੋਂ ਮੁਕਤ ਕਰਵਾਦਿਆਂ, ਖਾਲਸਾ ਪੰਥ ਦੇ ਆਜਾਦ ਦੇਸ਼ ਦੀ ਉਸਾਰੀ ਦਾ ਪਵਿਤ੍ਰ ਫੁਰਮਾਨ-ਹੁਕਮਨਾਮਾਂ ਗੁਰੂ-ਕਰਤੇ ਦੇ ਹੁਕਮ ਉਤੇ ਜਾਰੀ ਕਰ ਗਏ ਨੇ। ਇਸ ਪਵਿਤ੍ਰ ਫੁਰਮਾਨ-ਹੁਕਮਨਾਮੇ ਦੀ ਪੂਰਤੀ ਲਈ ਬਿਪਰਨ ਤਖਤ ਤੋਂ ਬਗਾਵਤ ਹੀ ਇਸ ਗੁਰਸਿਖ ਕਾਫਲੇ ਲਈ ਗੁਰੂ-ਕਰਤੇ ਦਾ ਹੁਕਮ, ਰਜਾ ਅਤੇ ਇਸ ਸਮੇਂ ਦਾ ਕਰਮ ਨਿਸ਼ਾਨ ਹੈ।

ਇਹ  ਹੈ ਉਹ ਗੁਰਸਿਖ ਕਾਫਲਾ ਜੋ ਪੰਥ ਨਾਲ ਬੇਮਿਸਾਲ ਧ੍ਰੋਹ ਕਰ ਜਾਣ ਵਾਲੇ ਬਿਪਰਨ ਦਿਲੀ ਤਖਤ ਦੇ ਖਾਲਸਾ ਪੰਥ ਤੇ ਜਬਰੀ ਲਾਗੂ ਕੀਤੇ ਸਵਿਧਾਨ ਨੂੰ ਹੀ ਨਹੀਂ ਮੰਨਦਾ। ਜਿਸ ਦੀ ਜੁਬਾਨ ਤੇ ਬਿਪਰਨ ਦਿਲੀ ਤਖਤ ਨੂੰ ਸਿਰਫ ਤੇ ਸਿਰਫ ਖਾਲਸੇ ਦੇ ਦੇਸ਼ ਦੀ ਆਜਾਦੀ ਦਾ ਹੱਕ ਹੀ ਲੈਣਾਂ ਚਿਤਾਰਦੀ ਬਗਾਵਤ ਹੈ। ਇਹ ਬਗਾਵਤ ਬਿਪਰਨ ਤਖਤ ਦੇ ਸਵਿਧਾਨ ਨੂੰ, ਉਸ ਦੇ ਕਾਨੂੰਨ ਨੂੰ, ਕਿਸੇ ਹੋਰ ਦੇਸ਼ ਦੇ ਕਾਨੂੰਨ ਜਾਂ ਕਿਸੇ ਅੰਤਰਰਾਸ਼ਟਰੀ ਕਾਨੂੰਨ ਨੂੰ ਜੇ ਬੁਰੀ ਲੱਗੇ ਤਾਂ ਇਸ ਬਦਲੇ ਬਿਪਰਨ ਤਖਤ ਦੇ ਸਵਿਧਾਨ ਦੀ, ਕਾਨੂੰਨ ਦੀ ਜਾਂ ਕਿਸੇ ਹੋਰ ਦੇਸ਼ ਜਾਂ ਅੰਤਰਰਾਸ਼ਟਰੀ ਕਾਨੂੰਨ ਵੱਲੋਂ ਦਿੱਤੀ ਜਾਣ ਵਾਲੀ ਹਰ ਸਜਾ ਨੂੰ ਭੁਗਤਣ ਲਈ ਖਿੜੇ ਮੱਥੇ ਅਡੋਲ ਖੜ੍ਹਣ ਵਾਲਾ। ਬਾਗੀ ਹੁੰਦੇ ਹੋਏ ਜੇ ਫਿਰ ਵੀ ਹੱਕ ਵੋਟ ਬਹਾਲੀ ਤਾਂ ਇਸ ਨੂੰ ਵੀ ਪੰਥ ਦੀ ਮੁਕਰਰ ਮੰਜ਼ਿਲ ਵੱਲ ਵਧਣ ਲਈ ਹੀ ਵਰਤਣ ਵਾਲਾ। ਪਰ ਕਦੇ ਵੀ ਆਪ ਬਿਪਰਨ ਤਖਤ ਦੇ ਅਧੀਨ ਜਾਂ ਨਾ ਅਧੀਨ, ਕਿਸੇ ਰਾਜ ਦੀ ਲਾਲਸਾ ਨਾ ਕਰਨ ਵਾਲਾ। ਨਾ ਰਾਜ, ਨਾ ਮੁਕਤੀ, ਨਾ ਹੋਰ ਕੁਝ ਕਰਤੇ ਤੋਂ ਮੰਗਣ ਵਾਲਾ ਗੁਰਸਿਖ ਕਾਫਲਾ, ਬਸ ਇਸ ਤੋਂ ਸਿਵਾਏ ਕਿ ਜੂਨ ਚੌਰਾਸੀ ਦੇ ਸ੍ਰੀ ਹਰਿਮੰਦਰ ਸਾਹਿਬ ਜੀ ਤੇ ਬਿਪਰਨ ਤਖਤ ਵੱਲੋਂ ਬੋਲੇ ਫੌਜੀ ਧਾਵੇ ਸਮੇਂ,  ਸ਼ਹੀਦਾਂ ਦੁਆਰਾ ਜਾਰੀ ਗੁਰੂ ਆਸਰੇ ਕਰਤੇ ਦਾ ਹਰ ਸਿਖ ਲਈ ਹੁਕਮਨਾਮਾਂ, ਕਰਤੇ ਦੀ ਰਜਾ, ਪੰਥ ਲਈ ਆਜਾਦੀ ਦਾ ਮਹੱਲ ਉਸਾਰਨਾਂ ਹੀ ਉਤਮ ਕਰਮ ਫੁਰਮਾਨ ਅਤੇ ਆਪਣੇ ਕਰਤੇ ਦਾ ਨਾਮ , ਉਨਾਂ ਨੂੰ ਦੁਨੀਆਂ ਤੇ ਹੁੰਦਿਆਂ ਅਤੇ ਦੁਨੀਆਂ ਤੋਂ ਜਾਂਦਿਆਂ, ਯਾਦ ਰਹੇ। ਜੋ ਜਾਣਦੇ ਹਨ ਕਿ ਜਿਨਾਂ ਦਾ ਗੁਰੂ ਤੋਂ ਮੰਗਣਾਂ ਹੀ ਪੰਥ ਦੀ ਆਜਾਦੀ ਹੈ, ਜਿਨਾਂ ਦਾ ਚੱਲਣਾਂ ਹੀ ਇਸ ਕਾਰਜ ਦੀ ਪੂਰਤੀ ਲਈ ਹੈ ਅਤੇ ਜਿਨਾਂ ਦਾ ਸੰਸਾਰ ਤੋਂ ਜਾਣਾਂ ਵੀ ਮਨ-ਚੇਤਨਾਂ ਵਿਚ ਪੰਥ ਦੀ ਆਜਾਦੀ ਹੀ ਉਤਮ ਅਰਦਾਸ ਲੈਕੇ ਜਾਣਾਂ ਹੈ, ਉਨਾਂ ਲਾਲੋਕਿਆਂ ਦੀ ਗੁਰੂ-ਕਰਤਾ ਇਹ ਮੰਗ, ਇਹ ਹਸਰਤ, ਇਹ ਅਰਦਾਸ ਹਰ ਹਾਲਤ ਇਕ ਨਾ ਇਕ ਦਿਨ ਜਰੂਰ ਸੁਣਨਗੇ।

**ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥**

**ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥** (ਪੰਨਾ 78)

ਇਹ ਹੈ ਉਹ ਕਾਫਲਾ, ਜਿਸ ਲਈ ਇਹ ਕਰਤੇ ਦਾ ਸੱਚ ਹੈ ਕਿ ਜੂਨ ਚੌਰਾਸੀ ਦੇ ਹਰਿਮੰਦਰ ਸਾਹਿਬ ਤੇ ਧਾਵੇ ਤੋਂ ਪਹਿਲੋਂ ਹੀ ਸਾਡੇ ਪਿਆਰੇ ਸ਼ਹੀਦ ਸੰਤ ਜਰਨੈਲ ਸਿਖ ਖਾਲਸਾ ਜੀ, ਸਿਖ ਸਰੂਪ ਵਿਚ ਨਕਲੀ ਅਕਾਲੀਆਂ ਨੂੰ ਗਦਾਰ ਹੋਣ ਦਾ ਸੱਚ ਸੁਣਾਕੇ, ਇਨਾਂ ਤੋਂ ਆਪਣੇ ਅਕਾਲ ਪੁਰਖ ਦੇ ਤਖਤ, ਸ੍ਰੀ ਆਕਾਲ ਤਖਤ ਸਾਹਿਬ ਨੂੰ ਖੋਹਕੇ, ਆਪ ਇਥੋਂ ਪੰਥ ਦੀ ਅਗਵਾਈ ਕਰਕੇ,

ਆਪਣੀਆਂ ਸ਼ਹਾਦਤਾਂ ਦੇ ਨਾਲ, ਇਥੋਂ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ ਜਾਰੀ ਕਰਨ ਤੋਂ ਹੁਣ ਤੱਕ, ਸ੍ਰੀ ਅਕਾਲ ਤਖਤ ਸਾਹਿਬ ਅਤੇ ਕਿਸੇ ਹੋਰ ਕਿਸੇ ਤਖਤ ਦਾ ਕੋਈ ਜਥੇਦਾਰ ਨਹੀਂ। ਇਹ ਹੈ ਉਹ ਕਾਫਲਾ ਜਿਸ ਲਈ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਕਰਤੇ ਦੇ ਹੁਕਮ ਰਜਾ ਤੇ ਗੁਰੂ ਆਸਰੇ ਖਾਲਸਾ ਦੇ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ ਅਤੇ ਸ਼ਬਦ ਗੁਰੂ ਹੀ ਜਥੇਦਾਰ, ਅਡਵਾਇਜ਼ਰ ਅਤੇ ਅਗਵਾਈ ਕਰਨ ਵਾਲੇ ਹਨ। ਇਹ ਹੈ ਉਹ ਕਾਫਲਾ ਜਿਸ ਲਈ ਸਾਡੇ ਤਖਤਾਂ ਦੇ ਸੇਵਾਦਾਰ ਸਿਰਫ ਤੇ ਸਿਰਫ ਉਹ ਹੀ ਗੁਰਸਿਖ ਹੋ ਸਕਦੇ ਹਨ ਜਿਨਾਂ ਨੇ ਗੁਰੂ ਦੇ ਸਮੂਹ ਹੁਕਮਾਂ ਨੂੰ ਅਮਲੀ ਜੀਵਨ ਵਿਚ ਕਰ ਲਿਆ ਹੈ ਅਤੇ ਜਿਨਾਂ ਨੇ ਪੰਥ ਦੋਖੀ ਬਿਪਰਨ ਚਾਣਕੀਆ ਜਾਬਰ ਤਖਤ ਨੂੰ ਹੋਕਾ ਦੇ ਕੇ ਦਸ ਦਿੱਤਾ ਹੈ ਕਿ ਤੁਸੀਂ ਖੁਦ ਹੀ ਕਾਫਰ ਅਕ੍ਰਿਤਘਣੋਂ ਸਾਨੂੰ, ਸਾਡੇ ਨਾਲ ਧ੍ਰੋਹਾਂ ਦੀ ਸਿਖਰ, ਸਾਡੇ ਹਰਿਮੰਦਰ ਤੇ ਫੌਜੀ ਧਾਵਾ ਕਰਕੇ, ਭਾਰਤ ਤੋਂ ਅੱਡ ਕੀਤਾ ਹੈ। ਅੱਜ ਖਾਲਸੇ ਦਾ ਧਰਮ ਕਰਮ ਆਪਣੇ ਲਈ, ਗਰੀਬਾਂ ਮਜਲੂਮਾਂ ਲਈ, ਜੁਲਮ ਅਨਿਆ ਦਾ ਸ਼ਿਕਾਰ ਨਿਆਸਰਿਆਂ ਲਈ ਅਤੇ ਨੀਚੋਂ ਅਤਿ ਨੀਚਾਂ ਲਈ, ਆਜਾਦ ਦੇਸ਼ ਦੀ ਉਸਾਰੀ ਹੀ ਹੈ। ਜਿਸ ਉੱਤੇ ਮੁੜ ਕਦੇ ਬਿਪਰਨ ਅਤੇ ਉਸ ਦੀ ਰੀਤ ਦਾ ਕੋਈ ਪ੍ਰਛਾਵਾਂ ਤੱਕ ਨਾ ਪੈ ਸਕੇ।

ਇਹ ਹਨ ਸੇਵਾਦਾਰ, ਸਰਬੱਤ ਖਾਲਸੇ ਦੇ ਫੈਸਲੇ ਨੂੰ ਸੰਗਤਾਂ ਵਿਚ ਰੱਖਣ ਵਾਲੇ, ਨਾ ਕਿ ਅੱਜ ਦੀ ਤਰਜ ਤੇ ਕਿਸੇ ਰਾਜਨੀਤਕਾਂ ਜਾਂ ਉਨਾਂ ਦੀ ਕਿਸੇ ਸੰਸਥਾ ਦੁਆਰਾ ਥਾਪੇ ਤੇ ਮਰਜੀ ਦੇ, ਵਿਰੋਧੀਆਂ ਤੇ ਹੁਕਮਨਾਮੇ ਜਾਰੀ ਕਰਨ ਵਾਲੇ, ਆਪੇ ਉਨਾਂ ਨੂੰ ਤੋੜਨ ਵਾਲੇ ਅਤੇ ਬਿਪਰਨ ਤਖਤ ਦੀ ਈਨ ਮੰਨ ਕੇ ਗੁਲਾਮੀ ਵਿਚ ਦਿਨ ਕਟੀ ਨੂੰ ਹੀ ਸੰਸਾਰ ਤੇ ਆਪਣੇ ਆਉਣ ਦਾ ਮਨੋਰਥ ਕਰੀ ਬੈਠੇ, ਹੋਣ ਵਾਲੇ।

ਇਸ ਗੁਰਸਿਖ ਕਾਫਲਾ ਲਈ ਕਰਤੇ ਦਾ ਇਹ ਸੱਚ ਅਟੱਲ ਹੈ ਕਿ ਪੰਥ ਦੁਸ਼ਮਣ ਭਾਜਪਾ ਦੀ ਝੋਲੀ ਵਿਚ ਪੈਕੇ, ਇਸ ਦੇ ਰਾਜ ਥੱਲੇ, ਸਿਖਾਂ ਸਿਰ ਗੁਲਾਮੀ ਦੇ ਤਾਜ ਨੂੰ ਧਰਾਕੇ, ਭਾਜਪਾ ਦੇ ਗੁਣ ਗਾ ਰਹੇ ਸਤਾ-ਰਾਜ ਦੇ ਭੁਖੇ ਬਾਦਲਕਿਆਂ, ਇਸ ਦੀ ਕਮੇਟੀ, ਇਸ ਦੇ ਸਾਡੇ ਲਈ ਨਕਲੀ ਜਥੇਦਾਰਾਂ ਅਤੇ ਇਨਾਂ ਸਿਖ ਸਰੂਪ ਵਿਚ ਬਿਪਰਨਾਂ ਦੇ ਮਗਰ ਲੱਗੇਕੇ, ਬਿਪਰਨ ਤਖਤ ਦੀ ਗੁਲਾਮੀ ਨੂੰ ਆਪਣੇ ਲਈ ਸਵੀਕਾਰ ਕਰਕੇ, ਦੂਜਿਆਂ ਅੱਗੇ ਇਸ ਗੁਲਾਮੀ ਦੀ ਸਵਿਕਾਰਤਾ ਹੀ ਸਿਖੀ ਜੀਵਨ ਰਾਹ ਅਲਾਪਣ ਵਾਲੇ, ਕਾਦਰ ਕਰਤੇ ਦੇ ਕੁਦਰਤ ਵਿਚ ਕੀਤੇ ਕਰਮ ਅਨੁਸਾਰ ਫਲ ਦੇ ਕਾਨੂੰਨ ਮੁਤਾਬਕ, ਆਪਣੇ ਲਈ ਜੀਉਂਦੇ ਜੀਅ ਹੀ ਜਮ ਜੂਨਾਂ ਦੇ ਨਰਕ ਮਾਰਗ ਨੂੰ ਮੁਕਰਰ ਕਰੀ ਬੈਠੇ ਨੇ।

ਪੰਥ ਨਾਲ ਬੇਮਿਸਾਲ ਧ੍ਰੋਹ ਕਮਾਉਣ ਵਾਲੀ ਕਾਂਗਰਸ ਪਾਰਟੀ ਦੇ ਹੋਕੇ, ਇਸ ਦੇ ਦਿਲੀ ਤਖਤ ਤੇ ਰਾਜ ਥੱਲੇ, ਸਿਖਾਂ ਸਿਰ ਗੁਲਾਮੀ ਦੇ ਨਰਕ ਨੂੰ ਧਰਾਈ ਰੱਖਣ ਲਈ, ਕਾਂਗਰਸ ਦੇ ਗੁਣ ਗਾ ਰਹੇ, ਰਾਜ ਦੇ ਭੁਖੇ ਸਿਖ ਸਰੂਪ ਵਿਚ ਬਿਪਰਨ ਰੀਤ ਕਾਂਗਰਸੀਆਂ ਵੱਲੋਂ ਅਤੇ ਇਨਾਂ ਮਗਰ ਲੱਗਣ ਵਾਲਿਆਂ ਵੀ ਬਿਪਰਨ ਬਾਦਲਕਿਆਂ ਅਤੇ ਉਸ ਦੇ ਟੋਲੇ ਵਾਂਗ, ਆਪਣੇ ਕਰਮਾਂ ਦੁਅਰਾ, ਆਪਣੇ ਆਪਨੂੰ ਜਮ ਜੂਨਾਂ ਦੇ ਨਰਕ ਭਾਗੀ ਹੋਣਾਂ, ਅਪਣੇ ਜੀਉਂਦੇ ਜੀਅ ਹੀ ਮੁਕਰਰ ਕੀਤਾ ਹੋਇਆ ਹੈ।

ਇਹ ਹੈ ਕਾਫਲਾ ਜਿਸ ਲਈ ਕਰਤੇ ਦਾ ਇਹ ਸੱਚ ਹੀ ਅਟੱਲ ਹੈ ਕਿ ਜਿਸ ਨੇ ਵੀ ਚੰਗੇ ਨਾਮ ਦੁਆਰਾ, ਚੰਗੇ ਨਾਮ ਅਤੇ ਸਰੂਪ ਦੁਅਰਾ, ਅਮ੍ਰਿਤ ਦੀ ਦਾਤ ਦੁਆਰਾ ਆਪਣੇ ਆਪਨੂੰ ਸਿਖ ਧਰਮ ਨਾਲ ਸਬੰਧਤ ਕੀਤਾ ਹੋਇਆ ਹੈ, ਪਰ ਆਪਣੇ ਆਪਨੂੰ ਬਾਦਲ ਕਿਆਂ ਦੇ ਮਗਰ ਲੱਗਕੇ, ਜਾਂ ਮੋਹਣਕਿਆਂ ਦੇ, ਰਾਜਿਆਂ ਦੇ ਮਗਰ ਲੱਗਕੇ ਸ੍ਰੀ ਹਰਿਮੰਦਰ ਸਾਹਿਬ ਤੇ ਫੌਜੀ ਧਾਵਾ ਬੋਲਣ ਵਾਲਿਆਂ ਦੀ ਗੁਲਾਮੀ ਨੂੰ ਸਵਿਕਾਰ ਕਰ ਲਿਆ ਹੈ, ਉਸ ਨੇ ਗੁਰੂ ਨਾਲੋਂ ਨਾਤਾ ਤੋੜਕੇ ਅਪਣੇ ਆਪਨੂੰ ਜੂੰਨਾਂ ਵੰਡਨ ਵਾਲਿਆਂ ਦੇ ਗੁਲਾਮ ਕਰਕੇ, ਆਪਣੇ ਲਈ ਜੰਮ ਜੂਨਾਂ ਦੇ ਨਰਕ ਨੂੰ ਭੋਗਣਾਂ ਮੁਕਰਰ ਕਰ ਲਿਆ ਹੈ।

ਇਸ ਕਾਫਲੇ ਲਈ ਕਰਤੇ ਦਾ ਸੱਚ: ਜੂਨ ਚੋਰਾਸੀ ਦੇ ਸ਼ਹੀਦਾਂ ਵਲੋਂ ਖੰਡੇ ਨਾਲ ਲਕੀਰ ਖਿਚੀ ਹੋਈ ਹੈ। ਇਸ ਦਿਨ ਤੋਂ ਆਪਣੀਆਂ ਸ਼ਹੀਦੀਆਂ ਨਾਲ ਧਰੀ ਨੀਂਹ ਤੇ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦੇ ਹੁਕਮਨਾਮੇ ਨੂੰ ਜਿਨਾਂ ਗੁਰਸਿਖ ਪਿਆਰਿਆਂ ਨੇ ਆਪਣੇ ਲਈ, ਆਪਣੇ ਗੁਰੂ- ਕਰਤੇ ਦਾ ਹੁਕਮ ਫੁਰਮਾਨ, ਰਜਾ, ਭਾਣਾਂ, ਅੱਜ ਦਾ ਕਰਮ ਨਿਸ਼ਾਨ ਜਾਣ ਲਿਆ ਹੈ, ਜਿਨਾਂ ਨੇ ਬੇਖੌਫ ਬੋਲ ਹੋਕੇ ਆਪਣਾ ਹੱਕ, ਖਾਲਸੇ ਦਾ ਦੇਸ਼ ਹੀ ਬਿਪਰਨ ਦਿੱਲੀ ਤਖਤ ਨੂੰ ਸ਼ਰੇਆਮ ਚਿਤਾਰਨਾਂ ਸ਼ੁਰੂ ਕਰ ਦਿੱਤਾ ਹੈ ਅਤੇ ਜਿਨਾਂ ਨੇ ਖਾਲਸੇ ਦੇ ਦੇਸ਼ ਦੀ ਉਸਾਰੀ ਲਈ ਬਿਪਰਨ ਦਿੱਲੀ ਤਖਤ ਤੋਂ ਕੀਤੀ ਬਗਾਵਤ ਹੀ ਜਿਤ, ਇਸ ਜਹਾਨੋਂ ਲੈਕੇ ਜਾਣਾਂ ਹੈ, ਉਨਾਂ ਨੇ ਹੀ ਆਪਣੇ ਗੁਰੂ ਨਾਲ ਇਸ ਜਹਾਨੋਂ ਜੁੜਿਓ ਜਾਣਾਂ ਹੈ ਅਤੇ ਜਾਣ ਮਗਰੋਂ ਵੀ ਗੁਰੂ ਨਾਲ ਉਸ ਦੇ ਅਗਲੇ ਹੁਕਮਾਂ ਲਈ ਜੁੜੇ ਰਹਿ ਸਕਣਾਂ ਹੈ। ਜਦ ਕਿ ਬਾਕੀ ਸਿਖ ਨਾਮ ਧਰਾਵਣ ਵਾਲਿਆਂ, ਸਿਖ ਸਰੂਪ ਧਰਾਵਣ ਵਾਲਿਆਂ, ਅੰਮ੍ਰਿਤਧਾਰੀਆਂ, ਜਿਨਾਂ ਬਿਪਰਨ ਦਿੱਲੀ ਤਖਤ ਦੀ ਗੁਲਾਮੀ ਨੂੰ ਸਵਿਕਾਰ ਕਰ ਲਿਆ ਹੈ, ਅਪਣੇ ਆਪਨੂੰ ਜਮ ਜੂਨਾਂ ਦੇ ਨਰਕ ਭਾਗੀ ਕਰ ਲਿਆ ਹੈ।

ਕਰਤਾ ਪੁਰਖ ਵਲੋਂ ਆਪਣੀ ਬੁਧ, ਸੱਚ ਦਾ ਪ੍ਰਕਾਸ਼, ਧੁਰ ਕੀ ਬਾਣੀ ਦਾ ਧਰਤ ਤੇ ਉਚਾਰਨ ਜਿਨਾਂ ਗੁਰੂ ਸਹਿਬਾਨਾਂ ਅਤੇ ਭਗਤ ਜਨਾਂ ਦੁਆਰਾ ਕਰਵਾਇਆ, ਉਨਾਂ ਆਪਣੇ ਆਪਨੂੰ ਇਨਸਾਨ ਜਾਤੀ ਵਿਚ ਖੜ੍ਹਾ ਕਰਕੇ, ਇਨਸਾਨ ਜਾਤੀ ਦੇ ਪੱਲੇ ਸੱਭ ਅਵਗੁਣਾਂ, ਸਭ ਨੀਚ, ਪਤਿਤ ਕਰਮਾਂ ਅਤੇ ਪਾਪਾਂ ਨੂੰ ਹਮ ਅਤੇ ਮੈ ਸ਼ਬਦ ਦੁਆਰਾ ਆਪਣੇ ਪੱਲੇ ਕੀਤਾ:

ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥ (ਪੰਨਾ 10)
ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥ (ਪੰਨਾ 12)
ਤੂੰ ਗੁਣਦਾਤਾ ਨਿਰਮਲਾ ਹਮ ਅਵਗਣਿਆਰੇ ॥ ਹਰਿ ਸਰਣਾਗਤਿ ਰਾਖਿ ਲੇਹੁ ਮੂੜ ਮੁਗਧ ਨਿਸਤਾਰੇ ॥ (ਪੰਨਾ 263)
ਹਮ ਅਹੰਕਾਰੀ ਅਹੰਕਾਰ ਅਗਿਆਨ ਮਤਿ ਗੁਰਿ ਮਿਲਿਐ ਆਪੁ ਗਵਾਇਆ ॥
ਹਉਮੈ ਰੋਗੁ ਗਇਆ ਸੁਖੁ ਪਾਇਆ ਧਨੁ ਧੰਨੁ ਗੁਰੂ ਹਰਿ ਰਾਇਆ ॥,
ਹਮ ਅਪਰਾਧ ਪਾਪ ਬਹੁ ਕੀਨੇ ਕਰਿ ਦੁਸਟੀ ਚੋਰ ਚੁਰਾਇਆ ॥
ਅਬ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਲਾਜ ਹਰਿ ਭਾਇਆ ॥ (ਪੰਨਾ 272)
ਕਹੁ ਨਾਨਕ ਹਮ ਲੂਣ ਹਰਾਮੀ ॥ ਬਖਸਿ ਲੇਹੁ ਪ੍ਰਭ ਅੰਤਰਜਾਮੀ ॥ (ਪੰਨਾ 295)
ਸਾਸਿ ਸਾਸਿ ਹਮ ਭੂਲਨਹਾਰੇ ॥ ਤੁਮ ਸਮਰਥ ਅਗਨਤ ਅਪਾਰੇ ॥ (ਪੰਨਾ 260)
ਹਮ ਨਿਰਗੁਨੀਆਰ ਨੀਚ ਅਜਾਨ ॥ ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥ (ਪੰਨਾ 290)
ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ ਹਮ ਕਿਉ ਕਰਿ ਮਿਲਹ ਜੂਠਾਰੀ ॥
ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ ਹਮ ਕਰਮਹੀਣ ਕੂੜਿਆਰੀ ॥ (ਪੰਨਾ 528)
ਹਮ ਪਾਪੀ ਪਾਖੰਡੀ ਲੋਭੀ ਹਮਰਾ ਗੁਨੁ ਅਵਗੁਨੁ ਸਭੁ ਸਹਿਆ ॥
ਕਰੁ ਮਸਤਕਿ ਧਾਰਿ ਸਾਜਿ ਨਿਵਾਜੇ ਮੁਏ ਦੁਸਟ ਜੋ ਖਇਆ ॥ (ਪੰਨਾ 533)
ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ ॥
ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ ॥੧॥
ਮਾਧੋ ਹਮ ਐਸੇ ਤੂ ਐਸਾ ॥ ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ ॥ (ਪੰਨਾ 613)
ਹਮ ਮੂਰਖ ਮੂਰਖ ਮਨ ਮਾਹਿ ॥ ਹਉਮੈ ਵਿਚਿ ਸਭ ਕਾਰ ਕਮਾਹਿ ॥
ਗੁਰ ਪਰਸਾਦੀ ਹੰਉਮੈ ਜਾਇ ॥ ਆਪੇ ਬਖਸੇ ਲਏ ਮਿਲਾਇ ॥ (ਪੰਨਾ 666)
ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥ (ਪੰਨਾ 696)
ਹਮ ਬਾਰਿਕ ਕਛੂਅ ਨ ਜਾਨਹ ਗਤਿ ਮਿਤਿ ਤੇਰੇ ਮੂਰਖ ਮੁਗਧ ਇਆਨਾ ॥
ਹਰਿ ਕਿਰਪਾ ਧਾਰਿ ਦੀਜੈ ਮਤਿ ਊਤਮ ਕਰਿ ਲੀਜੈ ਮੁਗਧੁ ਸਿਆਨਾ ॥ (ਪੰਨਾ 697)
ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ॥
ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥ (ਪੰਨਾ 732)
ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ ॥
ਤੁਮ੍ਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉ ਕਰਿ ਮੁਗਧ ਤਰਾ ॥ (ਪੰਨਾ 799)
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥ ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥ (ਪੰਨਾ 809),
ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥ ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥੩॥
ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ॥ ਹਮ ਅਪਰਾਧੀ ਤੁਮ੍ ਬਖਸਾਤੇ ॥ ਜਿਸੁ ਪਾਪੀ ਕਉ ਮਿਲੈ ਨ ਢੋਈ ॥
ਸਰਣਿ ਆਵੈ ਤਾਂ ਨਿਰਮਲੁ ਹੋਈ ॥ (ਪੰਨਾ 1141)
ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ ॥
ਹਮ ਨੀਚ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ ਬਸਰੀਆ ॥ (ਪੰਨਾ 1213)
ਹਮ ਨੀਚ ਹੋਤੇ ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ ॥

ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ ॥ (ਪੰਨਾ 1255)

ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ ॥

ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤਿ ॥ (ਪੰਨਾ 1296)

ਰਾਮ ਗੁਰੁ ਪਾਰਸੁ ਪਰਸੁ ਕਰੀਜੈ ॥ ਹਮ ਨਿਰਗੁਣੀ ਮਨੂਰ ਅਤਿ ਫੀਕੇ ਮਿਲਿ ਸਤਿਗੁਰ ਪਾਰਸੁ ਕੀਜੈ ॥ (ਪੰਨਾ 1328)

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥

ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥ (ਪੰਨਾ 1406)

ਇਸੇ ਸੱਚ ਦੀ ਹਾਮੀ ਭਰਦੇ ਗੁਰਬਾਣੀ ਪੰਨਿਆਂ ਵਿਚੋਂ ਕੁਝ ਹੋਰ: ਪੰਨਾ 167, 228, 250, 324, 345, 449, 450, 493, 539, 575, 636, 638, 658, 674, 766, 799, 876, 904, 913, 971, 976, 983, 985, 1048, 1070, 1155, 1213, 1265, 1295, 1314

ਫਿਰ ਇਨਸਾਨ ਜਾਤੀ ਦਾ ਕਿਰਦਾਰ, ਸੁਭਾਅ ਅਵਗੁਣਾਂ, ਨੀਚ, ਪਤਿਤ ਕਰਮਾਂ ਅਤੇ ਪਾਪਾਂ ਵਾਲਾ ਹੋਣ ਦਾ ਸੱਚ ਕਾਰਣ ਬਿਆਨਿਆਂ:

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ (ਪੰਨਾਂ 7)

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥ (ਪੰਨਾ 93)

ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥ (ਪੰਨਾ 370)

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ ਬੋਲੈ ਕਉੜਾ ਜਿਹਬਾ ਕੀ ਫੂੜਿ ॥

ਸਦਾ ਭੂਖੀ ਪਿਰੁ ਜਾਨੈ ਦੂਰਿ ॥੧॥ ਐਸੀ ਇਸਤ੍ਰੀ ਇਕ ਰਾਮਿ ਉਪਾਈ ॥ (ਪੰਨਾ 394)

ਸਾਕਤ ਕੀ ਓਹ ਪਿੰਡ ਪਰਾਇਣਿ ॥ ਹਮ ਕਉ ਦ੍ਰਿਸਟਿ ਪਰੈ ਤ੍ਰਖਿ ਡਾਇਣਿ ॥ (ਪੰਨਾ 871)

ਫਿਰ ਇਸ ਤੋਂ ਛੁਟਕਾਰਿਆਂ ਦਾ ਸ਼ਬਦ ਗੁਰੁ, ਧੁਰਕੀ ਬਾਣੀ ਵਿਚ ਮਾਰਗ ਦਰਸਾਇਆ ਗਿਆ। ਫਿਰ ਧੁਰਕੀ ਬਾਣੀ ਦੇ ਮਾਲਕ ਕਰਤਾ ਪੁਰਖ ਵੱਲੋਂ, ਜਿਨਾਂ ਦੁਆਰਾ ਆਪਣੀ ਬਾਣੀ ਦਾ ਉਚਾਰਨ ਕਰਵਾਇਆ, ਉਨਾਂ ਨੂੰ ਹੀ ਇਸ ਸ਼ਬਦ ਗੁਰੂ ਵਿਚ ਦਰਜ ਮਾਰਗ ਤੇ ਚਲਦਿਆਂ ਨੂੰ ਆਪਣੇ ਕਰਮਾਂ ਦੁਆਰਾ ਸੱਭ ਅਵਗੁਣਾਂ, ਸਭ ਨੀਚ, ਪਤਿਤ ਕਰਮਾਂ ਅਤੇ ਪਾਪਾਂ ਤੋਂ ਮੁਕਤ, ਕਰਤੇ ਦੇ ਨਾਮ ਦੀ ਬਖਸ਼ਿਸ਼ ਦੁਆਰਾ, ਕਰਤੇ ਨਾਲ ਮੇਲ ਕਰਦਿਆਂ, ਪਨੀਤ ਹੁੰਦੇ ਵਿਖਾਇਆ ਗਿਆ। ਇਸ ਵਿਸ਼ੇ ਤੇ ਵੱਖਰਾ ਵਿਸਥਾਰ ਪਹਿਲੋਂ ਹੀ ਕਲਮਬੰਦ ਹੋਣਾਂ ਸ਼ੁਰੂ ਹੈ। ਮੁਕੰਮਲ ਹੋਣ ਤੇ ਖਾਲਸਾ ਪੰਥ ਦੀ ਸੱਥ ਵਿਚ ਜੇ ਗੁਰੂ ਨੂੰ ਮੰਨਜੂਰ ਹੋਵੇਗਾ, ਆ ਹੀ ਜਾਵੇਗਾ। ਇਥੇ ਮਿਸਾਲ ਵਜੋਂ ਕੁਝ ਗੁਰਬਾਣੀ ਫਰੁਮਾਣ:

ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ ॥

ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ ॥ (ਪੰਨਾ 171)

ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥ ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥ (ਪੰਨਾ 227)

ਬਲਤੌ ਜਲਤੌ ਤਉਕਿਆ ਗੁਰ ਚੰਦਨੁ ਸੀਤਲਾਇਓ ॥੧॥

ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥ (ਪੰਨਾ 241)

ਹਮ ਮਤਿ ਹੀਣ ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ ॥

ਨਾਨਕ ਗੁਰਮੁਖਿ ਸਬਦਿ ਸੁਹਾਵੇ ਅਨਦਿਨੁ ਹਰਿ ਗੁਣ ਗਾਏ ॥ (ਪੰਨਾ 246)

ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥

ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥ (ਪੰਨਾ 250)

ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ ॥

ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ ॥ (ਪੰਨਾ 427)

ਹਮ ਪਾਪੀ ਬਲਵੰਚੀਆ ਮੇਰੀ ਜਿੰਦੁੜੀਏ ਪਰਦ੍ਰੋਹੀ ਠਗ ਮਾਇਆ ਰਾਮ ॥

ਵਡਭਾਗੀ ਗੁਰੁ ਪਾਇਆ ਮੇਰੀ ਜਿੰਦੁੜੀਏ ਗੁਰਿ ਪੂਰੈ ਗਤਿ ਮਿਤਿ ਪਾਇਆ ਰਾਮ ॥ (ਪੰਨਾ 539)

ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ ॥

ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥ (ਪੰਨਾ 542)

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥ (ਪੰਨਾ 614)
ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਇਆ ਰਾਮ ॥ ਹਰਿ ਧੂੜਿ ਦੇਵਹੁ ਮੈ ਪੂਰੇ ਗੁਰ ਕੀ ਹਮ ਪਾਪੀ ਮੁਕਤੁ ਕਰਾਇਆ ਰਾਮ ॥ ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥ ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥ (ਪੰਨਾ 772)
ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ ॥
ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ ॥ (ਪੰਨਾ 799)
ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ ॥
ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ ॥ (ਪੰਨਾ 845)
ਹਮ ਕੁਚਲ ਕੁਚੀਲ ਅਤਿ ਅਭਿਮਾਨੀ ਮਿਲਿ ਸਬਦੇ ਮੈਲੁ ਉਤਾਰੀ ॥੧॥ ਸੰਤਹੁ ਗੁਰਮੁਖਿ ਨਾਮਿ ਨਿਸਤਾਰੀ ॥ (ਪੰਨਾ 910)
ਹਮ ਪਾਥਰ ਗੁਰੁ ਨਾਵ ਬਿਖੁ ਭਵਜਲੁ ਤਾਰੀਐ ਰਾਮ ॥ ਗੁਰ ਦੇਵਹੁ ਸਬਦੁ ਸੁਭਾਇ ਮੈ ਮੂੜ ਨਿਸਤਾਰੀਐ ਰਾਮ ॥
ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ ਤੂ ਅਗੰਮੁ ਵਡ ਜਾਣਿਆ ॥
ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ ਨਿਰਗੁਣੀ ਨਿਮਾਣਿਆ ॥,
ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥
ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ ॥ (ਪੰਨਾ 1114)
ਹਮ ਮੂਰਖ ਕਉ ਹਰਿ ਕਿਰਪਾ ਕਰੀ ॥ ਜਨੁ ਨਾਨਕੁ ਤਾਰਿਓ ਤਾਰਣ ਹਰੀ ॥੪॥ (ਪੰਨਾ 1134)
ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ ॥
ਜਨ ਨਾਨਕ ਗੁਰੁ ਪਾਇਆ ਹਰਿ ਤੂਠੇ ਹਮ ਕੀਏ ਪਤਿਤ ਪਵੀਛੇ ॥ (ਪੰਨਾ 1178)
ਹਰਿ ਕੇ ਸੰਤ ਮਿਲਹਿ ਮਨ ਪ੍ਰੀਤਮ ਕਟਿ ਦੇਵਉ ਹੀਅਰਾ ਤੇਨ ॥
ਹਰਿ ਕੇ ਸੰਤ ਮਿਲੇ ਹਰਿ ਮਿਲਿਆ ਹਮ ਕੀਏ ਪਤਿਤ ਪਵੇਨ ॥ (ਪੰਨਾ 1294)
ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ ॥
ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤਿ ॥ (ਪੰਨਾ 1296)
ਅਗਮ ਦਇਆਲ ਕ੍ਰਿਪਾ ਪ੍ਰਭਿ ਧਾਰੀ ਮੁਖਿ ਹਰਿ ਹਰਿ ਨਾਮੁ ਹਮ ਕਹੇ ॥
ਪਤਿਤ ਪਾਵਨ ਹਰਿ ਨਾਮੁ ਧਿਆਇਓ ਸਭਿ ਕਿਲਬਿਖ ਪਾਪ ਲਹੇ ॥ (ਪੰਨਾ 1336)

ਕਰਤੇ ਦੀ ਆਪਣੀ ਮੱਤ, ਇਸ ਧੁਰ ਕੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਿਆਂ ਦਾ ਦਸਮੇਸ਼ ਪਿਤਾ ਵੱਲੋਂ ਖਾਲਸਾ ਪੰਥ ਪ੍ਰਗਟਾਕੇ, ਉਨਾਂ ਨੂੰ ਕਰਤੇ ਦੀ ਆਪਣੀ ਮੱਤ, ਇਸ ਧੁਰ ਕੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਆਪਣਾਂ ਗੁਰੂ ਮੰਨਣ ਲਈ ਦੇਕੇ, ਹਰ ਸਿਖ ਨੂੰ ਹਮ, ਮੈ ਭਾਵ ਇਕ ਮਨੁੱਖ ਜਾਤੀ, ਭਾਵ ਇਕ ਪਿਤਾ ਦੇ ਬਾਰਕ, ਇਕ ਸੰਤਾਨ ਵਿਚ ਬਰਾਬਰ ਅਵਗੁਣਾਂ, ਨੀਚ, ਪਤਿਤ ਕਰਮਾਂ ਦੇ ਪਾਪੀ ਸੁਭਅ ਸਹਿਤ ਜਨਮੇ ਐਲਾਨਿਆ ਅਤੇ ਆਪਣੇ ਗੁਰਸਿਖਾਂ ਨੂੰ ਸ਼ਬਦ ਗੁਰੂ ਦੁਆਰਾ ਦਰਸਾਏ ਸਿਖੀ ਮਾਰਗ ਤੇ ਪੂਰਨ ਅਮਲਾਂ ਦੁਆਰਾ ਚਲਦਿਆਂ, ਕੂੜ ਦੇ ਹਨੇਰੇ ਦੀ ਹੱਦ ਤੋਂ ਆਜਾਦ ਹੋ ਸਚਿਆਰਾ ਹੋ ਜਾਣ, ਆਪਣੇ ਲਈ ਸਮੇਂ ਦੇ ਕਰਮ ਨਿਸ਼ਾਨ ਤੋਂ ਜਾਣੀ ਹੋ ਜਾਣ, ਗੁਰੂ ਗਿਆਨ ਦੁਆਰਾ ਤੀਜੇ ਨੇਤਰ ਦੇ ਖੁਲਣ ਨਾਲ, ਪਿਛਲਾ ਸਭ ਤਿਆਗਣ ਲਈ ਗੁਰੂ ਬਖਸ਼ਿਸ਼ ਆਖਰੀ ਪਰਦੇ ਦੇ ਪਰਾਂ ਹੋ ਜਾਣ ਉਪਰੰਤ, ਆਪਣੇ ਸਿਰਜਣਹਾਰ ਕਰਤੇ ਰੱਬ ਨਾਲ ਮੇਲ ਕਰਕੇ, ਜਨਮ ਤੋਂ ਮਿਲੇ ਪਤਿਤ, ਪਾਪੀ ਗੋਨ ਪਦਾਰਥ ਸੁਭਾਅ ਦੇ ਤਾਪ ਤੋਂ ਸਿਖ ਇਨਸਾਨ ਨੂੰ ਮੁਕਤ, ਤੰਦਰੁਸਤ, ਪੁਨੀਤ, ਪਵਿਤ੍ਰ, ਖਾਲਸੇ ਹੋ ਸਕਣ ਦੇ ਸਮਰੱਥ ਕੀਤਾ ਹੈ।

ਇਸ ਗੁਰਮਤਿ ਸੱਚ ਅਤੇ ਮਾਰਗ ਨੂੰ ਪਾਸੇ ਸੁਟਕੇ, ਸਿਖ ਸਰੂਪ ਵਾਲੇ ਨੂੰ ਸਿਖ ਅਤੇ ਸਿਖ ਸਰੂਪ ਨਾ ਹੋਣ ਵਾਲੇ ਨੂੰ ਪਤਿਤ, ਅਦਾਲਤਾਂ ਅੱਗੇ ਲਿਖਤੀ ਐਲਾਨਣ ਵਾਲੀ ਸ਼ਰੋਮਣੀ ਕਮੇਟੀ, ਸਿਖ ਨਾਮ ਨਾਲ ਪੀਰ ਮੁਹੰਮਦ ਜੋੜਕੇ ਅਤੇ ਹੋਰ ਇਸ ਨਾਲ ਤੁਰਿਓ ਇਸ ਦੇ ਹਮੈਤੀ ਧੜੇ, ਸਿਖ ਸਰੂਪ ਵਾਲੇ ਨੂੰ ਸਿਖ ਅਤੇ ਸ਼ਕਲੋਂ ਅਸਿਖ ਨੂੰ ਪਤਿਤ ਐਲਾਨ ਕੇ, ਇਹ ਸਾਬਤ ਕਰ ਚੁੱਕੇ ਹਨ ਕਿ ਉਹ ਆਪਣੇ ਸ਼ਬਦ ਗੁਰੂ ਵਿਚ ਹਮ ਅਤੇ ਮੈਂ ਨੀਚ ਕਰੰਮੇ, ਪਤਿਤ ਪਾਪੀ, ਅਵਗੁਣੀ ਦੇ ਸੱਚ ਸਿਧਾਂਤ ਨੂੰ ਮੰਨਦੇ ਹੀ ਨਹੀ, ਸਗੋਂ ਠੁਕਰਾਂਦੇ ਹਨ। ਖੁਦ ਸਿਖ ਸਰੂਪ ਵਿਚ ਬਿਪਰਨ ਪਸ਼ੂ ਕਰਤੂਤ ਵਾਲੇ ਆਪਣੇ ਆਪਨੂੰ ਸਿਰਫ ਸਿਖ ਸਰੂਪ ਦੇ ਬਲ

ਉਤੇ ਸੱਭ ਤੋਂ ਉਪਰ ਪੁਨੀਤ, ਪੁੰਨੀ, ਨਿਰਮਲ, ਖਾਲਸ ਐਲਾਨਦੇ ਹਨ ਅਤੇ ਬਾਕੀ ਇਨਸਾਨ ਜਾਤੀ ਨੂੰ ਸਿਰਫ ਨਾ ਸਿਖ ਸ਼ਕਲ ਹੋਣ ਕਰਕੇ ਆਪਣੇ ਤੋਂ ਮਾੜੇ ਨੀਚ, ਪਤਿਤ, ਪਾਪੀ, ਐਲਾਨਦੇ ਹਨ। ਇਹ ਗੁਰਸਿਖ ਕਾਫਲਾ ਇਨਾਂ ਜਮ ਜੂਨਾਂ ਦੇ ਪੱਕੇ ਨਰਕਧਾਰੀਆਂ ਵਲੋਂ ਗੁਰੂ ਨੂੰ ਗੁਰੂ ਨਾ ਮੰਨਣ, ਗੁਰੂ ਦੇ ਸੱਚ ਉਲਟ, ਆਪਣੇ ਆਪਨੂੰ ਸਾਕਤ ਹੋ ਸਿਖ ਕਹਾਉਣ, ਆਪਣੇ ਆਪਨੂੰ ਨੂੰ ਬ੍ਰਾਹਮਣ ਦੀ ਤਰਾਂ ਪੁਨੀਤ ਪਵਿਤ੍ਰ ਅਤੇ ਦੂਜਿਆਂ ਨੂੰ, ਜੋ ਸਿਖ ਹੀ ਨਹੀਂ ਹੋਏ, ਪਤਿਤ ਪਾਪੀ ਐਲਾਣਨ, ਇਸ ਕਦਰ ਆਪਣੇ ਅਤੇ ਹੋਰ ਸ਼ਕਲੋਂ ਸਿਖਾਂ ਦੇ ਮਨਾਂ ਵਿਚ ਹੰਕਾਰ ਅਤੇ ਬਾਕੀ ਇਨਸਾਨ ਜਾਤੀ ਪ੍ਰਤੀ ਸੁਭਾਵਕ ਹੀ ਨਫਰਤ ਬੀਜ ਲੈਣ ਅਤੇ ਇਸ ਨੂੰ ਸਿਖ ਧਰਮ, ਸਿਖ, ਅਤੇ ਸਿਖੀ ਐਲਾਣਣ ਦੇ ਸਿਖ ਧਰਮ ਅਤੇ ਪੰਥ ਨਾਲ ਕੀਤੇ ਧਰੋਹ ਲਈ, ਇਨਾਂ ਨੂੰ ਲੱਖ ਲੱਖ ਲਾਹਲਣਾਂ ਪਾਂਉਂਦਾ ਹੈ ਅਤੇ ਇਨਾਂ ਨੂੰ ਸਿਖ ਧਰਮ ਅਤੇ ਪੰਥ ਨਾਲ ਧ੍ਰੋਹ ਕਰਨ ਵਾਲੇ ਦੁਸ਼ਮਣਾਂ ਦੀ ਕਤਾਰ ਵਿਚ ਖੜ੍ਹੇ ਵੇਖਦਾ ਹੈ।

**ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥** (ਪੰਨਾ 4)

**ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥ ਬਾਹਰਿ ਭੇਖ ਅੰਤਰਿ ਮਲੁ ਮਾਇਆ ॥**
**ਛਪਸਿ ਨਾਹਿ ਕਛੁ ਕਰੈ ਛਪਾਇਆ ॥ ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥**
**ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ ਗਲਿ ਪਾਥਰ ਕੈਸੇ ਤਰੈ ਅਥਾਹ ॥** (ਪੰਨਾ 267)

ਗੁਰੂ ਦੇ ਸਮੂਹ ਹੁਕਮਾਂ ਨੂੰ ਮੰਨਣ ਵਾਲਾ ਹੀ ਇਸ ਕਾਫਲੇ ਲਈ ਗੁਰੂ ਦਾ ਸਿਖ ਹੋ ਸਕਦਾ ਹੈ। ਗੁਰੂ ਦਾ ਹੁਕਮ ਸਿਰਫ ਤੇ ਸਿਰਫ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਅਪਣਾਂ ਗੁਰੂ ਮੰਨਣਾਂ ਹੈ। ਗੁਰੂ ਹੁਕਮਾਂ ਤੋਂ ਉਲਟ, ਇਸ ਸ਼ਬਦ ਗੁਰੂ ਦੇ ਬਰਾਬਰ, ਬਿਪਰਣ ਵੱਲੋਂ ਆਪਣਾ ਕਾਮਾ ਸੂਤਰਾ ਮਿਲਾਕੇ, ਦਸ਼ਮੇਸ਼ ਗੁਰੂ ਦੀ ਬਾਣੀ ਵਜੋਂ ਗੁਰੂ ਨਾਲ ਜੋੜਿਓ ਅਖੌਤੀ ਦਸਮ ਗ੍ਰੰਥ ਦੇ ਪ੍ਰਕਾਸ਼ ਕਰਨ ਵਾਲੇ, ਇਨਾਂ ਅੱਗੇ ਨਾਨਕ ਗੁਰੂ ਦੇ ਕਿਸੇ ਪੁਤ ਦੀ ਤਸਵੀਰ ਰੱਖਣ ਵਾਲੇ, ਇਸ ਅੱਗੇ ਟਲ ਖੜਕਾਉਣ ਵਾਲੇ ਅਤੇ ਹੁਣ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਵਿਚ ਤਸਵੀਰਾਂ ਲਾਉਣ, ਹਾਲ ਨੂੰ ਤਸਵੀਰਾਂ ਨਾਲ ਮੜ੍ਹਕੇ ਫੰਗਸ਼ਨ ਕਰਵਾਣ ਦੀ ਬਿਪਰਨ ਰੀਤ, ਗੁਰੂ ਹੁਕਮਾਂ ਦੇ ਉਲਟ, ਜਬਰੀ ਸ਼ੁਰੂ ਕਰਨ ਵਾਲੇ ਸ਼ਹੀਦਾਂ ਦੇ ਨਕਲੀ ਹਮਦਰਦ ਸਿਖੀ ਸਰੂਪ ਵਿਚ ਗੁਰੂ ਘਰਾਂ ਦੇ ਪ੍ਰਬੰਧਕੀਏ, ਫਡਰੇਸ਼ਨੀਏਂ, ਟਕਸਾਲੀਏ, ਅਖੰਡ ਕੀਰਤਨੀਏ, ਸਿਖ ਸੰਗਤੀਏ, ਨਿਹੰਗ ਸੰਘੀਏ ਅਤੇ ਹੋਰ ਵੱਡੇ ਨਾਮ ਧਰਾਉਣ ਵਾਲੇ ਵੀ ਬਾਦਲਕਿਆਂ, ਮਨਮੋਹਣਿਆਂ ਦੀ ਤਰਾਂ ਗੁਰੂ ਦੇ ਸਿਖ ਨਹੀਂ ਹਨ। ਜਿਵੇਂ ਸਿਖ ਸਰੂਪ ਵਿਚ ਬਾਦਲਕੇ ਜਾਂ ਕਾਂਗਰਸੀਏ ਗੁਰੁ ਹੁਕਮ: ਪੰਥ ਦੇ ਆਜਾਦ ਦੇਸ਼ ਉਸਾਰੀ ਨੂੰ ਮੰਨਣ ਦੀ ਥਾਂ ਦਿੱਲੀ ਤਖਤ ਦੀ ਗੁਲਾਮੀ ਦੀ ਸਵਿਕਾਰ ਕਰਨ ਦੇ ਕੁਕਰਮ ਦੁਆਰਾ ਅਪਣੇ ਆਪਨੂੰ ਜਮ ਜੂਨਾਂ ਦੇ ਮਾਰਗ ਭਾਗੀ ਕਰ ਚੁਕੇ ਹਨ, ਇਵੇਂ ਹੀ ਗੁਰੂ ਹੁਕਮਾਂ ਤੋਂ ਉਲਟ, ਸ਼ਬਦ ਗੁਰੂ ਦੇ ਬਰਾਬਰ, ਬਿਪਰਣ ਦੇ ਕਾਮਾ ਸੂਤਰਾ ਸਮੇਤ ਨੂੰ , ਦਸ਼ਮੇਸ਼ ਗੁਰੂ ਦੀ ਬਾਣੀ ਦਾ ਗ੍ਰੰਥ ਐਲਾਨਕੇ, ਇਸ ਅਖੌਤੀ, ਨਕਲੀ ਗੁਰੂ ਬਾਣੀ ਗ੍ਰੰਥ ਦੇ ਪ੍ਰਕਾਸ਼ ਕਰਨ ਵਾਲਿਆਂ, ਇਸ ਦੇ ਪਾਠ, ਅਖੰਡ ਪਾਠ ਕਰਵਾਉਣ ਵਾਲਿਆਂ, ਇਨਾਂ ਅੱਗੇ ਨਾਨਕ ਗੁਰੂ ਦੇ ਕਿਸੇ ਪੁਤ ਦੀ ਤਸਵੀਰ ਰੱਖਣ ਵਾਲਿਆਂ, ਇਸ ਅੱਗੇ ਟਲ ਖੜਕਾਉਣ, ਸ੍ਰੀ ਸਾਹਿਬਾਂ ਨਾਲ ਨਾਰੀਅਲ ਭੱਨਣ ਵਾਲਿਆਂ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਵਿਚ ਤਸਵੀਰਾਂ ਲਾਉਣ ਵਾਲਿਆਂ, ਇਨਾਂ ਨੂੰ ਰੋਕਣ ਦੀ ਥਾਂ, ਇਨਾਂ ਦੀ ਹਮਾਇਤ, ਇਨਾਂ ਦੇ ਭਾਈਵਾਲੀ ਬਣਨ ਕਰਵਾਲੀਆਂ ਸ਼ਰੋਮਣੀ ਕਮੇਟੀਆਂ, ਇਨਾਂ ਦੇ ਨਕਲੀ ਜਥੇਦਾਰਾਂ ਅਪਣੇ ਲਈ ਜਮ ਜੂਨਾਂ ਦੇ ਭਿਆਨਕ ਨਰਕ ਨੂੰ ਮੁਕਰਰ ਕਰ ਲਿਆ ਹੈ।

ਇਹ ਸਾਡੇ ਲਈ ਸਿਖ ਨਹੀਂ। ਇਹ ਸਿਖ ਸਰੂਪ ਵਿਚ ਅਸਲ ਵਿਚ ਕੋਣ ਹਨ, ਅੱਜ ਦੇ ਬਾਦਲਕੇ, ਕਾਂਗਰਸੀਏ, ਟਕਸਾਲੀਏ, ਸਿਖ ਸੰਗਤੀਏ, ਨਿਹੰਗ ਸੰਘੀਏ, ਇਨਾਂ ਦੇ ਹਮੈਤੀਏ ਅਤੇ ਭਾਈਵਾਲ, ਇਨਾਂ ਦੇ ਮਗਰ ਲੱਗਕੇ ਬਿਪਰਨ ਤਖਤ ਦੀ ਗੁਲਾਮੀ ਨੂੰ ਸਵਿਕਾਰ ਕਰਨ ਵਾਲੇ, ਇਕੋ ਸ਼ਬਦ ਗੁਰੂ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਦੇ ਨਾ ਕੋਈ ਬਰਾਬਰ, ਨਾ ਤੁਲ, ਨਾ ਸ਼ਰੀਕ, ਪਰ ਇਹ ਅਕ੍ਰਿਤਘਣ ਸ਼ਰੀਕ ਗ੍ਰੰਥ ਪੈਦਾ ਕਰਨ ਵਾਲੇ, ਇਸ ਦੇ ਪ੍ਰਕਾਸ਼, ਪਾਠ, ਅਖੰਡਪਾਠ ਕਰਵਾਣ ਵਾਲੇ, ਸ਼ਬਦ ਗੁਰੂ ਦੀ ਹਜੂਰੀ ਵਿਚ ਜਾਂ ਗੁਰੂ-ਪ੍ਰਕਾਸ਼ ਹਾਲ ਵਿਚ ਕੋਈ ਤਸਵੀਰ, ਕੋਈ ਫੋਟੋ ਰੱਖਣ, ਇਸ ਦੀ ਪੂਜਾ ਕਰਵਾਨ ਵਾਲੇ, ਸ੍ਰੀ ਸਾਹਿਬਾਂ ਨਾਲ ਨਾਰੀਅਲ ਕੱਟਣ, ਕਟਵਾਨ ਵਾਲੇ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਉਣ ਵਾਲੇ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਨੂੰ ਤਸਵੀਰਾਂ ਨਾਲ ਸਜਾ ਕੇ ਫੰਗਸ਼ਨ ਕਰਵਾਣ ਵਾਲੇ, ਇਨਾਂ ਕੁਕਰਮਾਂ ਨੂੰ ਵੇਖ, ਖਾਮੋਸ਼ ਰਹਿ ਜਾਣ ਵਾਲੇ, ਅਸਲ ਵਿਚ ਕੋਣ ਹਨ, ਗੁਰੂ ਵਲੋਂ ਆਪਣੀ ਕਲਾ ਵਰਤਾਕੇ ਪਹਿਲੋਂ ਹੀ ਅੰਕਤ ਕਰਵਾ ਕੇ ਰੱਖਵਾਇਆ ਹਇਆ ਹੈ। ਜਿਸ ਵਿਚ ਇਨਾਂ ਦੇ ਹੁਣ ਦੇ ਕੁਕਰਮਾਂ ਤੋਂ ਇਨਾਂ ਦੇ ਵਡੇਰਿਆਂ ਦਾ ਅਤੇ ਇਹ ਸਿਖੀ ਸਰੂਪ ਵਿਚ ਕਿਨਾਂ ਦੀ ਔਲਾਦ ਹਨ, ਦੇ ਸੱਚ ਤੋਂ ਪਰਦਾ ਉਠਦਾ ਹੈ। ਜਿਸ ਨੂੰ ਜਲਦੀ ਹੀ ਵੱਖਰੇ ਰੂਪ ਵਿਚ ਕਲਮਬੰਦ ਕਰਕੇ ਸੰਗਤਾਂ ਨਾਲ ਸਾਂਝਾ ਕੀਤਾ ਜਾਵੇਗਾ।

ਇਹ ਹੈ ਉਹ ਕਾਫਲਾ ਜਿਸ ਲਈ, ਉਹ ਹੀ ਸਿਖ, ਗੁਰਸਿਖ, ਖਾਲਸਾ, ਜਿਸ ਨੇ ਗੁਰੂ ਦੇ ਸਮੂਹ ਹੁਕਮਾਂ ਨੂੰ ਅਮਲੀ ਜੀਵਨ ਵਿਚ ਕਰਕੇ ਆਪਣੇ ਮਨ ਨੂੰ ਗੁਰੂ ਭਾਣੇ ਵਿਚ ਕਰ ਲਿਆ ਹੈ। ਜਿਸ ਲਈ ਅੱਜ ਦਾ ਕਰਮ ਨਿਸ਼ਾਨ, ਕਰਤੇ ਦਾ ਹੁਕਮ ਅਤੇ ਰਜਾ ਖਾਲਸੇ ਦੇ ਦੇਸ਼ ਦੀ ਉਸਾਰੀ ਲਈ ਬਿਪਰਨ ਤਖਤ ਤੋਂ ਸਿਰਫ ਤੇ ਸਿਰਫ ਬਗਾਵਤ ਹੈ। ਜਿਸ ਲਈ ਗੁਰਬਾਣੀ ਅਨੁਸਾਰ ਸਮੂਹ ਇਨਸਾਨ ਜਾਤੀ ਹੀ ਪਵਿਤ੍ਰ ਗੇਨ ਪਦਾਰਥ (ਸੁਭਾਅ ਦੇ ਬਣਤਰ ਤੱਤ) ਤੋਂ ਵਾਂਝੀ ਹੋਣ ਕਰਕੇ ਪਤਿਤ ਹੈ। ਜੋ ਪਤਿਤ ਤੋਂ ਪਵਿਤ ਹੋਣ ਦੇ ਗੁਰੂ ਵਲੋਂ ਰੌਸ਼ਨ ਮਾਰਗ ਨੂੰ ਗੁਰੂ ਆਸਰੇ ਜਾਣ ਚੁੱਕਾ ਹੈ। ਜਿਸ ਲਈ ਗੁਰੂ ਹਜੂਰ ਸੰਗਤ ਅਤੇ ਇਸ ਨਿਆਈਂ ਸਾਰਾ ਸੰਸਾਰ ਇਕ ਪਿਤਾ ਦੀ ਇਕ ਬਾਰਕ ਸੰਤਾਨ-ਪ੍ਰਵਾਰ ਹੈ। ਜਿਸ ਲਈ ਕੋਈ ਉਚਾ ਨਹੀਂ, ਨੀਵਾਂ ਨਹੀਂ, ਕੋਈ ਸ਼ੁਦਰ ਨਹੀਂ, ਕੋਈ ਅਸ਼ੂਤ ਨਹੀਂ। ਜਿਨਾਂ ਨੂੰ ਹਰ ਇਨਸਾਨ, ਹਰ ਜੀਵ ਅਤੇ ਕੁਦਰਤ ਵਿਚ ਇਕੋ ਆਪਣੇ ਹੀ ਨਿਰਾਕਾਰ ਸਿਰਜਣਹਾਰ ਕਰਤੇ ਰੱਬ ਦੇ ਹੀ ਦਰਸ਼ਨ ਦੀਦਾਰ ਮਹਿਸੂਸ ਹੁੰਦੇ ਨੇ। ਜਿਨਾਂ ਲਈ ਅੱਜ ਜਾਂ ਭਲਕ, ਉਨਾਂ ਦਾ ਸਿਖ ਧਰਮ ਅਤੇ ਇਸ ਨੂੰ ਮੰਨਣ ਵਾਲਾ ਦਸ਼ਮੇਸ਼ ਪਿਤਾ ਵੱਲੋਂ ਪ੍ਰਗਟਾਇਆ ਖਾਲਸਾ ਪੰਥ ਅਤੇ ਇਸ ਦਾ ਵਾਰਸ ਗੁਰਸਿਖ ਖਾਲਸਾ ਪੰਥ ਹੀ 'ਏਕਸ ਕੇ ਬਾਰਕ' ਦੇ ਪਵਿਤ੍ਰ ਅਸੂਲ ਤੇ ਪੂਰਨ ਪਹਿਰਾ ਦੇਣ ਵਾਲਾ ਹੈ ਨਾ ਕਿ ਇਸ ਦੇ ਉਲਟ ਕਿ ਕਿਸੇ ਨੂੰ ਗੁਰੂ ਵੱਲੋਂ ਪ੍ਰਗਟਾਏ ਗੁਰਸਿਖ ਖਾਲਸਾ ਪੰਥ ਦੇ ਬਰਾਬਰ, ਸਮਾਨਅੰਤਰ, 'ਏਕਸ ਕੇ ਬਾਰਕ' ਨਾਂ ਦੀ ਕੋਈ ਹੋਰ ਜਥੇਬੰਦੀ ਖੜ੍ਹੀ ਕਰਨ ਦੀ ਲੋੜ ਪੈ ਜਾਵੇ।

ਇਕ ਨਿਰਾਕਾਰ ਕਰਤਾ ਪੁਰਖ ਅਤੇ ਇਨਸਾਨ ਵਿਚਕਾਰ ਨਕਲੀ ਠਾਕਰ, ਬੁਤਾਂ, ਤਸਵੀਰਾਂ ਨੂੰ ਕਰਕੇ ਧਰਮ ਦੇ ਨਾਮ ਤੇ ਇਨਾਂ ਦੀ ਪੂਜਾ ਕਰਵਾਂਦਾ, 'ਏਕਸ ਕੇ ਬਾਰਕ' ਪਵਿਤ੍ਰ ਅਸੂਲ ਨੂੰ ਭੰਗ ਕਰਦਾ, ਇਕ ਇਨਸਾਨ ਜਾਤ ਨੂੰ ਮੰਨੂ ਸਮ੍ਰਿਤੀ ਦੇ ਨਿਯਮ ਦੁਆਰਾ ਉਚ ਨੀਚ , ਜਾਤ ਪਾਤ ਵਿਚ ਵੰਡਦਾ ਬ੍ਰਾਹਮਣ, ਅਪਣੇ ਆਪਨੂੰ ਸੱਭ ਤੋਂ ਉਚਾ ਅਤੇ ਪਵਿਤ੍ਰ ਐਲਾਨਦਾ ਹੈ, ਅਗਲੀਆਂ ਦੋ ਨੂੰ ਆਪਣੇ ਤੋਂ ਥੱਲੇ, ਪਰ ਚੌਥੀ ਤੋਂ ਉਚੀ, ਸੁਚੀ ਐਲਾਨਕੇ ਵਿਸ਼ੇਸ਼ ਅਧਿਕਾਰੀ ਕਰਦਾ ਹੈ। ਚੋਥਿਆਂ, ਭਾਰਤ ਦੇ ਅਸਲ ਬਸ਼ਿੰਦਿਆਂ ਨੂੰ ਨੀਚ ਸ਼ੁਦਰ, ਮਾੜੇ ਐਲਾਨਕੇ, ਧਰਮ ਦੇ ਨਾਮ ਤੇ ਅਪਾਰਥਾਇਡ ਕਾਇਮ ਕਰਦਾ, ਇਨਸਾਨ ਜਨਮ ਤੋਂ ਬਰਾਬਰ ਹੱਕਾਂ ਦਾ ਮਾਲਕ, ਕਾਦਰ ਕਰਤਾ ਰੱਬ ਦੇ ਪਵਿਤ੍ਰ ਨਿਯਮ ਨੂੰ ਪੈਰਾਂ ਥਲੇ ਲਤਾੜਦਾ, ਇਨਸਾਨ ਨੂੰ ਉਸ ਦੇ ਜਨਮ ਤੋਂ ਮਿਲੇ ਹਰ ਇਨਸਾਨ ਬਰਾਬਰ ਹੱਕਾਂ ਤੋਂ ਵਾਂਝੇ ਕਰਦਾ, ਓਸ ਤੋਂ ਆਪਣੀ ਗੁਲਾਮੀ ਕਰਵਾਉਣੀ, ਉਨਾਂ ਦੇ ਕਰਮ ਐਲਾਨਦਾ ਹੈ। ਜੋ ਇਨਾਂ ਦੇ ਇਸ ਧਰਮ ਦੇ ਨਾਮ ਤੇ ਇਕ ਜਾਤ ਇਨਸਾਨ ਦੀ ਵੰਡ ਵਾਲੇ ਹਿੰਦੂ ਰਹਿਣੀ ਨਿਯਮ ਨੂੰ ਨਾ ਸਵਿਕਾਰਨ, ਨਾ ਮੰਨਣ ਵਾਲੇ ਸੱਭ ਨੀਚ ਐਲਾਨਕੇ ਇਨਾਂ ਦੇ ਖਾਤਮੇ ਦੀ ਅਪਣੇ ਇੰਦਰ ਤੋਂ ਮੰਗ ਕਰਦਾ ਹੈ ਅਤੇ ਜਦ ਤਾਕਤ ਵਿਚ ਤਾਂ ਖੁਦ ਇੰਦਰ ਹੋ ਸਭ ਨੂੰ ਆਪਣੇ ਅਧੀਨ ਜਾਂ ਖਤਮ ਦੀ ਹੀ ਚਾਣਕੀਆ ਚਾਲ ਲੈਕੇ ਤੁਰਿਆ ਹੋਈਆ ਹੈ। ਜਦ ਕਿ ਖਾਲਸਾ ਪੰਥ ਇਨਾਂ ਇਕ ਜਾਤ ਇਨਸਾਨ ਨੂੰ ਵਰਣਾਂ ਵਿਚ ਵੰਡਣ ਵਾਲਿਆਂ ਦੀ ਇਸ ਚਾਣਕੀਆਂ ਚਾਲ ਨੂੰ ਨਾ ਨੇਪਰੇ ਚੜ੍ਹਨ ਦੇਣ ਲਈ ਪ੍ਰਗਟਿਆ, ਇਕ ਨਿਰਆਕਾਰ ਅਕਾਲ ਪੁਰਖ, ਸਿਰਜਣਹਾਰ, ਅੱਲਾ ਰਾਮ ਨੂੰ ਸਭ ਦੇ ਇਕ ਪਿਤਾ-ਮਾਤਾ, ਇਸ ਦੀ ਜਨਮ ਤੋਂ ਬਰਾਬਰ ਅਧਿਕਾਰ ਸੰਤਾਨ ਇਨਸਾਨ ਜਾਤ, ਸਭ ਜੀਵ ਜੰਤੂ ਅਤੇ ਸਭ ਦੇ ਰਹਿਣ ਲਈ ਸਿਰਜੀ ਕਰਤੇ ਸਰਿਸ਼ਟੀ ਇਕ ਪਰਵਾਰ, ਇਕ ਪਰਵਾਰ-ਘਰ ਜਾਨਣ ਵਾਲਾ, ਇਸ ਅਨੁਸਾਰ ਹੀ ਪਵਿਤ੍ਰ ਕਰਮ ਕਰਨ ਵਾਲਾ ਅਤੇ ਇਸ ਸਰਬੱਤ ਦੇ ਹੀ ਭਲੇ ਦੀ ਆਪਣੇ ਰੱਬ ਕਰਤਾ ਅੱਗੇ ਹਰ ਰੋਜ ਅਰਦਾਸ ਕਰਨ ਵਾਲਾ। ਜਿਸ ਦੇ ਸੁੱਖ ਨੂੰ ਕਰਤਾ ਪੁਰਖ ਰੱਬ ਵੱਲੋਂ, ਗੁਰੂ ਦੁਆਰਾ ਸਰਬੱਤ ਦੇ ਸੁਖ ਨਾਲ ਜੋੜਿਆ ਹੋਇਆ ਹੈ।

**ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥** (ਪੰਨਾ 25)
**ਆਦਿ ਜੁਗਾਦਿ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ ॥**
**ਜੀਅ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ ॥** (ਪੰਨਾ 783)
**ਸੁਣਿ ਸੁਆਮੀ ਸੰਤਨ ਅਰਦਾਸਿ ॥ ਜੀਉ ਪ੍ਰਾਨ ਧਨੁ ਤੁਮ੍ਹਰੈ ਪਾਸਿ ॥**
**ਇਹੁ ਜਗੁ ਤੇਰਾ ਸਭ ਤੁਝਹਿ ਧਿਆਏ॥ ਕਰਿ ਕਿਰਪਾ ਨਾਨਕ ਸੁਖੁ ਪਾਏ ॥** (ਪੰਨਾ 181)
**ਜਾ ਕਾ ਸਭੁ ਕਿਛੁ ਤਾ ਕਾ ਹੋਇ ॥ ਨਾਨਕ ਤਾ ਕਉ ਸਦਾ ਸੁਖੁ ਹੋਇ ॥ ॥**(ਪੰਨਾ 1147)

ਇਕ ਆਪਣੇ ਸ਼ਹੀਦ ਧਾਰਮਕ ਆਗੂ ਨੂੰ ਰੱਬ ਦਾ ਪੁੱਤ ਦਸਕੇ, ਉਸ ਦੇ ਅਤੇ ਉਸ ਨਾਲ ਸਬੰਧਤ ਹੋਰਨਾਂ ਦੇ ਬੁਤਾਂ ਨੂੰ ਇਨਸਾਨ ਅਤੇ ਨਿਰਅਕਾਰ ਕਰਤਾ ਪੁਰਖ ਦੇ ਵਿਚਕਾਰ ਕਰਕੇ, ਆਪਣੇ ਆਪਨੂੰ ਰੱਬ ਦੇ ਪੁਤਰ ਵਾਲੇ ਵਿਸ਼ੇਸ਼ ਹੋਣ ਕਰਕੇ, ਸਭ ਤੋਂ ਉਪਰ ਐਲਾਨਦਾ, ਸੱਭ ਤੇ ਆਪਣੀ ਅਗਵਾਈ ਅਤੇ ਸਭ ਨੂੰ ਆਪਣੇ ਵਰਗੇ ਹੀ ਵੇਖਣਾਂ ਲੋੜਦਾ ਹੈ। ਇਕ ਆਪਣੇ ਅੱਲਾ ਅਤੇ ਆਪਣੇ ਅੱਲਾ ਦੇ ਕਾਨੂੰਨ ਅਨੁਸਾਰ ਹੋਣ ਵਾਲਾ ਉਹ ਅਤੇ ਉਸ ਦੇ ਬਾਕੀ ਹੀ ਅਸਲ ਅੱਲਾ ਰੱਬ ਪੁਜਾਰੀ ਇਨਸਾਨ, ਬਾਕੀ ਕਾਫਰ, ਇਨਾਂ

ਕਾਫਰਾਂ ਦੇ ਖਾਤਮੇਂ ਲਈ ਨਿਤਰਨ ਨੂੰ ਆਪਣੇ ਧਰਮ ਅਨੁਸਾਰ ਚੰਗਾ ਕਰਮ ਐਲਾਨਦਾ ਹੈ ਅਤੇ ਸੰਸਾਰ ਨੂੰ ਅਪਣੇ ਅਨੁਸਾਰ ਅਪਣੇ ਅਧੀਨ ਵੇਖ ਸਕਣ ਦੀ ਤਾਂਘ ਲੈਕੇ ਚੱਲਣ ਵਾਲਾ ਹੈ। ਇਕ ਆਪਣੇ ਆਗੂ ਦੇ ਅਣਗਿਣਤ ਭਾਂਤ ਭਾਂਤ ਦੇ ਬੁਤਾਂ ਨੂੰ ਆਪਣੇ ਮੰਦਰਾਂ ਵਿਚ ਭਗਵਾਨ-ਰੱਬ ਸਥਾਪਤ ਕਰਕੇ, ਨਿਰਅਕਾਰ ਕਰਤਾ ਪੁਰਖ ਸਰਬ ਵਿਆਪਕ, ਸਰਬ ਉਤਮ ਸ਼ਕਤੀ ਰੱਬ ਵਿਚਕਾਰ ਨਕਲੀ ਠਾਕਰ ਖੜ੍ਹੇ ਕਰਦਾ ਹੈ, ਇਨਸਾਨ ਨੂੰ ਰੱਬ ਲੱਭਣ ਬਾਹਰ ਭੇਜਦਾ ਹੈ ਅਤੇ ਆਪਣੇ ਇਸ ਮਾਰਗ ਨੂੰ ਹੀ ਸੰਸਾਰ ਤੇ ਅਸਲ ਰਾਹ ਦੱਸਦਾ ਹੈ। ਇਕ ਆਪਣੇ ਮੂਸੇ ਨੂੰ ਜਾਵੇ ਰੱਬ ਦੇ ਦਰਸ਼ਨਾਂ ਅਤੇ ਅਗਵਾਈ ਮਿਲੀ ਹੋਣ ਕਰਕੇ, ਇਕੱਲਾ ਉਹ ਹੀ ਸੰਸਾਰ ਤੇ ਰੱਬ ਦੀ ਅਸਲ ਵਿਸ਼ੇਸ਼ ਪਵਿਤ੍ਰ ਨਸਲ ਹੋਣਾਂ ਐਲਾਨਦਾ ਹੈ। ਜਿਵੇਂ ਬ੍ਰਾਹਮਣ ਆਪਣੇ ਆਪਨੂੰ ਸੱਭ ਤੋਂ ਉਚੀ ਪਵਿਤ੍ਰ ਨਸਲ ਐਲਾਨਦਾ ਹੈ ਅਤੇ ਬਾਕੀ ਤਿੰਨੇ  ਅਤੇ ਇਨਾਂ ਦੇ ਇਸ ਮੰਨੂ ਸਿਮ੍ਰਤੀ ਨਿਯਮ-ਕਾਨੂੰਨ ਅਧੀਧਨ ਨਾ ਚੱਣਣ ਵਾਲਾ ਸੰਸਾਰ ਪ੍ਰਾਣੀ,  ਸਭ ਬ੍ਰਾਹਮਣ ਤੋਂ ਨੀਚ, ਉਥੇ ਮੂਸੇ ਅਤੇ ਜਾਵੇ ਰੱਬ ਵਾਲਿਆਂ ਲਈ ਉਹ ਹੀ ਰੱਬ ਦੀ ਅਸਲ ਵਿਸ਼ੇਸ਼ ਪਵਿਤ੍ਰ ਨਸਲ ਅਤੇ ਬਾਕੀ ਸੱਭ ਇਨਸਾਨ ਜਾਤੀ ਅਪਵਿਤ੍ਰ, ਉਸ ਤੋਂ ਥੱਲੇ, ਨੀਵੀਂ ਜਾਤ ਐਲਾਨਦਾ, ਆਪਣਿਆਂ ਨੂੰ ਬਾਕੀ ਇਨਸਾਨ ਜਾਤੀ ਕੋਈ ਪਰਵਾਹ ਨਾ ਕਰਨਾ ਸਿਖਾਉਣ ਵਾਲਾ।

ਆਪਣੇ ਆਪਣੇ ਰੱਬ ਨੂੰ ਅਤੇ ਉਸ ਦੁਆਰਾ ਆਪਣੇ ਆਪਨੂੰ ਨੂੰ ਬਾਕੀਆਂ ਤੋਂ ਉਚਾ ਦਰਸਾਕੇ ਇਕ ਪਿਤਾ, ਇਕ ਪਿਤਾ ਦੀ ਔਰਤ-ਮਰਦ ਬਰਾਬਰ ਹੱਕ, ਬਾਰਕ ਇਨਸਾਨ ਜਾਤ ਦੇ ਪਵਿਤ੍ਰ ਸੱਚ ਅਸੂਲ ਨੂੰ ਭੰਗ ਕਰਨ ਵਾਲੇ, ਭੰਡਣ ਵਾਲੇ ਹੋਰ ਹਨ, ਗੁਰੂ ਵਲੋਂ ਪ੍ਰਗਇਆ ਪੂਰਨ ਕਿਰਦਾਰ ਇਨਸਾਨ ਗੁਰਸਿਖ ਖਾਲਸਾ ਅਤੇ ਉਸ ਦਾ ਸਿਖ ਧਰਮ ਨਹੀਂ। ਆਪਣੇ ਪਵਿਤ੍ਰ ਗੁਰਧਾਮਾਂ ਦੀ ਸਿਖੀ ਸਰੂਪ ਵਿਚ ਬਿਪਰਨ ਰੀਤ ਕਿਰਦਾਰ ਦੇ ਨਕਲੀ ਸਿੱਖਾਂ ਤੋਂ ਆਜਾਦੀ ਲਈ ਕੋਈ ਅਮਲੀ ਸੰਘਰਸ਼ ਹੀ ਬਬੇਕ ਬੁਧ, ਦੀ ਥਾਂ ਕਿਸੇ ਵਲੋਂ 'ਏਕਸ ਕੇ ਬਾਰਕ', ਪਵਿਤ੍ਰ ਨਾਮ ਥੱਲੇ ਕੋਈ ਜਥੇਬੰਦੀ ਖੜ੍ਹੀ ਕਰ ਲੈਣ ਦਾ ਮਤਲਬ ਹੈ, ਇਹ ਜਥੇਬੰਦੀ ਖੜ੍ਹੀ ਕਰਨ ਵਾਲਿਆਂ ਨੇ ਗੁਰੂ ਵਲੋਂ ਪ੍ਰਗਟਾਏ ਪਵਿਤ੍ਰ ਇਨਸਾਨ ਕਿਰਦਾਰ ਖਾਲਸਾ ਪੰਥ ਅਤੇ ਇਸ ਦੇ ਕਰਤੇ ਦੀ ਬੁਧ ਦੇ ਪ੍ਰਕਾਸ਼ ਪਵਿਤ੍ਰ ਸਿਖ ਧਰਮ ਉਤੇ ਜਾਣੇ ਅਣਜਾਣੇ ਘੱਟ 'ਏਕਸ ਕੇ ਬਾਰਕ' ਹੋਣ ਦਾ ਦੋਸ਼ ਲਾ ਦੇਣਾਂ ਹੈ।

ਜਦ ਕਿ ਗੁਰੂ ਵਲੋਂ ਪ੍ਰਗਟਾਏ ਪਵਿਤ੍ਰ ਇਨਸਾਨ ਕਿਰਦਾਰ ਖਾਲਸਾ ਪੰਥ, ਜਿਸ ਲਈ ਕਰਤੇ ਦੀ ਸਾਰ ਨੂੰ ਮਹਿਸੂਸ ਕਰ ਸਕਣਾਂ ਤਦ ਹੀ ਸੰਭਵ ਹੈ ਜਦ ਉਸ ਨੂੰ ਆਪਣੇ ਵਿਚ ਵਸਦੇ, ਸੱਭ ਦੇ, ਹਰ ਦੇ ਇਕੋ ਸਿਰਜਜਣਹਾਰ ਪਿਤਾ-ਮਾਤਾ ਰੱਬ ਦੇ ਹੀ, ਹਰ ਇਨਸਾਨ ਵਿਚੋਂ, ਹਰ ਜੀਵ ਵਿਚੋਂ ਅਤੇ ਉਸ ਦੀ ਸਾਡੇ ਲਈ ਦਿਸ ਅਦਿਸ ਸਿਰਜੀ ਬੇਅੰਤ ਸਰਿਸ਼ਟੀ ਵਿਚੋਂ ਦਰਸ਼ਨ ਦੀਦਾਰੇ ਮਹਿਸੂਸ ਹੋ ਰਹੇ ਨੇ ਅਤੇ ਸੱਭੇ ਇਸੇ ਇਕੋ ਸਿਰਜਣਹਾਰ (ਸੱਚ-ਸ਼ਕਤੀ) ਦੇ ਹੁਕਮ ਅਤੇ ਰਜਾ ਦੇ ਕੁਦਰਤ  ਵਿਚ ਕੀਤੇ ਸੱਚ-ਨਿਯਮ ਅਨੁਸਾਰ ਆ ਰਹੇ ਨੇ ਅਤੇ ਸੰਸਾਰ ਤੇ ਆਪਣੀ ਕਾਰ ਕਰ ਜਾ ਰਹੇ ਨੇ। ਗੁਰੂ ਕਿਰਪਾ ਗੁਰਸਿਖ ਖਾਲਸਾ ਹੁਣ ਸਭਨਾਂ ਦੇ ਇਕੋ ਸਿਰਜਣਹਾਰ ਰੱਬ ਪਿਤਾ ਦਾਤੇ ਦੇ, ਸਭਨਾਂ ਚੋਂ ਦਰਸ਼ਨ ਦੀਦਾਰਿਆਂ ਦੇ ਅਨਮੋਲ ਅਨੁਭਵ ਦੁਆਰਾ ਆਪਣੇ, ਸੱਭ ਦੇ ਸਿਰਜਣਹਾਰ ਕਰਤੇ ਰੱਬ ਨਾਲ ਅਧਿਆਤਮ ਤੌਰ ਜੁੜ ਚੁੱਕਾ ਹੈ ਅਤੇ ਆਪਣੀ ਆਗਵਾਈ ਆਪਣੇ ਪੂਰੇ ਗੁਰੂ ਦੁਆਰਾ ਆਪਣੇ ਸਿਰਜਣਹਾਰ ਰੱਬ ਕਰਤਾ ਦੇ ਅਧੀਨ ਕਰ ਚੁੱਕਾ ਹੈ। ਇਹ ਹਨ ਉਹ ਭਾਗਾਂ ਵਾਲੇ ਗੁਰਸਿਖ ਜਿਨਾਂ ਨੂੰ ਗੁਰੂ ਨੇ ਇਹ ਨਾ ਭੁੱਲਣ ਦਿੱਤਾ ਕਿ ਸਭਨਾਂ ਜੀਆਂ ਦਾ ਇਕ ਹੀ ਦਾਤਾ ਸਿਰਹਣਹਾਰ ਰੱਬ ਹੈ ਅਤੇ ਜੋ ਹੁਣ ਸਭਨਾਂ ਜੀਆਂ ਦੇ ਇਕ ਹੀ ਦਾਤਾ ਸਿਰਹਣਹਾਰ ਰੱਬ ਹੋਣ ਦੇ ਅਨੁਮੋਲ ਸੱਚ ਨੂੰ ਅਨੁਭਵ ਕਰ ਰਹੇ ਨੇ ਅਤੇ ਆਪਣੇ, ਸੱਭਦੇ ਦਾਤਾ ਸਿਰਹਣਹਾਰ ਰੱਬ ਦੀ ਸ਼ਰਣ ਵਿਚ, ਉਸ ਨੂੰ ਕਦੇ ਵੀ ਨਾ ਵਿਸਾਰੇ ਜਾ ਸਕਣ ਲਈ ਆ ਚੁੱਕੇ ਹਨ।

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥** (ਪੰਨਾ 2)

ਗੁਰੂ ਵਲੋਂ ਆਪੇ ਹੀ ਕਰਤੇ ਦੀ ਨੇੜਤਾ ਅਤੇ ਮਿਲਾਪ ਲਈ ਸਿਖ ਨੂੰ ਇਹ ਮੁੰਢਲਾ ਹੁਕਮ-ਹਦਾਇਤ ਕਰਕੇ, ਆਪੇ ਹੀ ਆਪਣੇ ਗੁਰਸਿਖਾਂ ਦੁਆਰਾ ਆਪਣੇ ਹੁਕਮ ਹਦਾਇਤ ਨੂੰ ਅਮਲੀ ਜਾਮਾਂ ਪਹਿਨਾਕੇ, ਹਰ ਬਿਪਰਨ ਰੀਤ ਅਤੇ ਰਹਿਤ ਤੋਂ ਮੁਕਤ ਗੁਰਸਿਖ ਖਾਲਸੇ ਨੂੰ ਗੁਰੂ ਵਲੋਂ ਅਪਣੇ ਤੇਜ ਪਰਤਾਪ ਦੀ ਬਖਸ਼ਿਸ ਨਾਲ ਬਲਵਾਨ ਕਰ ਦੇਣਾਂ ਹੈ।

ਕਿਸੇ ਵਲੋਂ 'ਏਕਸ ਕੇ ਬਾਰਕ' ਪਵਿਤ੍ਰ ਨਾਮ ਥੱਲੇ ਕੋਈ ਜਥੇਬੰਦੀ ਖੜ੍ਹੀ ਕਰ ਲੈਣ ਦਾ ਮਤਲਬ ਹੈ, ਸਿਖ ਧਰਮ ਅਤੇ ਪੰਥ ਨੂੰ ਘੱਟ 'ਏਕਸ ਕੇ ਬਾਰਕ' ਹੋਣ ਦਾ ਅਨਿਅਈ ਧੱਬਾ ਲਾਕੇ, ਆਪਣੇ ਆਪਨੂੰ ਇਸ ਤੋਂ ਉਪਰ, ਵੱਧ 'ਏਕਸ ਕੇ ਬਾਰਕ' ਹੋਣ ਵਾਲਿਆਂ ਵਜੋਂ ਐਲਾਨ ਕਰ ਲੈਣਾਂ ਹੈ। ਇਨਾਂ ਵਲੋਂ ਨਵਾਂ 'ਏਕਸ ਕੇ ਬਾਰਕ'  ਅਤੇ ਇਸ ਲਈ ਆਪਣਾਂ ਨਵਾਂ ਨਾਨਕ ਦਾ ਉਚਾ ਦਰ ਉਸਾਰ ਲੈਣਾਂ, ਆਪਣੇ ਆਪਨੂੰ ਗੁਰੂ ਵਲੋਂ ਪ੍ਰਗਟਾਏ ਖਾਲਸਾ ਪੰਥ ਤੋਂ, ਇਸ ਦੇ ਅਸਲ ਵਾਰਸਾਂ ਤੋਂ, ਇਨਾਂ ਦੇ ਉਚੇ ਦਰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਤੋਂ ਆਪਣੇ ਆਪਨੂੰ ਨਖੇੜ ਲੈਣਾਂ ਹੈ। ਅਸਲ ਦੇ ਬਰਾਬਰ, ਸਮਾਨਅੰਤਰ ਆਪਣੇ ਲਈ ਅਪਣਾਂ ਨਵਾਂ ਨਕਲੀ 'ਏਕਸ ਕੇ ਬਾਰਕ' ਪੰਥ ਚਲਾ ਲੈਣਾਂ ਹੈ। ਜਿਥੇ 'ਏਕਸ ਕੇ ਬਾਰਕ'  ਦਾ ਮੈਂਬਰ ਹੋਣ ਵਾਲਾ, ਇਸ ਬਦਲੇ

ਮਿਲੇ ਵਿਸ਼ੇਸ਼ ਆਰਥਿਕਾਂ ਅਤੇ ਹੋਰ ਵਿਸ਼ੇਸ਼ ਅਧਿਕਾਰਾਂ ਦੇ ਨਿਘ ਨੂੰ ਮਾਣ ਰਿਹਾ ਹੈ। ਨਾਮ ਪਵਿਤ੍ਰ 'ਏਕਸ ਕੇ ਬਾਰਕ'। ਪਰ ਕਰਮ 'ਏਕਸ ਕੇ ਬਾਰਕ' ਇਨਸਾਨ ਨੂੰ ਆਮ ਅਤੇ ਵਿਸ਼ੇਸ਼, ਆਪਣੇ ਅਤੇ ਪਰਾਏ ਵਿਚ ਵੰਡ ਦੇਣਾਂ। ਮਾਇਆ ਦੇ ਆਸਰੇ ਇਨਾਂ ਦੇ ਹੋਏ ਨੂੰ ਵਿਸ਼ੇਸ਼ ਹੱਕਾਂ ਨਾਲ ਲੈਸ ਕਰ ਦੇਣਾਂ। ਬਾਕੀਆਂ ਤੋਂ, ਜੋ ਇਸ ਦੇ ਨਾ ਹੋਏ, ਨੂੰ ਆਮ ਜਾਣਦਿਆਂ, ਆਪਣੇ ਆਪਨੂੰ ਵਿਸ਼ੇਸ਼ ਕਰਕੇ, ਨਖੇੜ ਲੈਣਾਂ।

ਕਿਸੇ ਵਲੋਂ ਆਪਣੇ ਲਈ 'ਏਕਸ ਕੇ ਬਾਰਕ' ਨਾਮ ਦੀ ਜਥੇਬੰਦੀ ਖੜ੍ਹੀ ਕਰ ਲੈਣੀ ,ਇਸ ਲਈ 'ਉਚਾ ਦਰ ਬਾਬੇ ਨਾਨਕ ਦਾ' ਦੇ ਨਾਮ ਦੀ ਇਮਾਰਤ ਖੜ੍ਹੀ ਕਰ ਲੈਣੀ, ਅਸਲ ਗੁਰੂ, ਗੁਰੂ ਦਰ, ਘਰ ਨੂੰ ਅਤੇ ਇਸ ਦਰ, ਇਸ ਘਰ ਦੀ ਸੇਵਾ ਸੰਭਾਲ ਲਈ ਪ੍ਰਗਟਾਏ ਗੁਰੂ ਵਲੋਂ ਖਾਲਸਾ ਪੰਥ ਨੂੰ ਵਦਾਵਾ ਲਿਖਕੇ ਚਲੇ ਜਾਣਾਂ ਹੈ, ਆਪਣੇ ਲਈ ਆਪਣੀ ਮੱਤ ਦਾ ਨਕਲੀ ਪੰਥ ਅਤੇ ਨਾਨਕ ਦਾ ਨਕਲੀ ਉਚਾ ਦਰ ਉਸਾਰ ਲੈਣਾਂ ਹੈ ਅਤੇ ਇਹ ਅਤਿ ਕਮੀਨਾਂ ਕੁਕਰਮ ਕਰਨ ਵਾਲਿਆਂ ਵਲੋਂ ਕਰਤੇ ਕੇ ਕਰਮ ਕਾਨੂੰਨ ਅਨੁਸਾਰ, ਜੀਉਂਦੇ ਜੀਅ ਹੀ ਆਪਣੇ ਲਈ ਜਮ ਜੂਨਾਂ ਦੇ ਨਰਕ ਨੂੰ ਮੁਕਰਰ ਕਰ ਲੈਣਾਂ ਹੈ।

ਜਦ ਤੱਕ ਇਹ ਸਿਖ ਧਰਮ ਵਲੋਂ ਪਹਿਲੋਂ ਹੀ ਐਲਾਟੇ, ਦਿੱਤੇ ਜਾ ਚੁੱਕੇ, ਵੰਡੇ ਜਾ ਚੁੱਕੇ ਸੰਸਾਰ ਤੇ ਸਿਰਫ ਇਕੋ ਇਕ ਪਵਿਤ੍ਰ ਇਨਸਾਨ ਕਿਰਦਾਰ ਸੰਸਥਾ, ਖਾਲਸਾ ਪੰਥ ਲਈ ਅਤੇ ਇਸ ਦੇ ਪਵਿਤ੍ਰ ਉਚੇ ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਸ੍ਰੀ ਅਕਾਲ ਤਖਤ ਸਾਚਿਹਬ ਲਈ ਹੀ ਆ ਚੁੱਕੇ ਨਾਵਾਂ ਥੱਲੇ ਸਥਾਪਤ ਕੀਤੀ ਆਪਣੀ ਜਥੇਬੰਦੀ 'ਏਕਸ ਕੇ ਬਾਰਕ' ਅਤੇ 'ਉਚਾ ਦਰ ਬਾਬੇ ਨਾਨਕ ਦਾ' ਨਾਮ ਦੀ ਉਸਾਰੀ ਇਮਾਰਤ ਦੇ ਨਾਵਾਂ ਨੂੰ ਤਬਦੀਲ ਕਰਕੇ, ਜਾਣੇ ਅਣਜਾਣੇ ਹੋਈ ਆਪਣੀ ਇਸ ਬੜੀ ਮਾੜੀ ਭੁੱਲ ਨੂੰ ਗੁਰੂ ਤੋਂ ਬਖਸ਼ਾਂ ਨਹੀਂ ਲੈਂਦੇ, ਬਲਹਾਰੀ ਕਾਦਰ ਵਲੋਂ ਆਪਣੀ ਕੁਦਰਤ ਵਿਚ ਕੀਤੇ ਕਰਮਾਂ ਮੁਤਾਬਕ ਫਲ ਦੇ ਕਾਨੂੰਨ ਅਨੁਸਾਰ, ਇਨਾਂ ਆਪਣੇ ਲਈ ਜਮ ਜੂਨਾਂ ਦੇ ਨਰਕ ਨੂੰ ਭੋਗਣਾਂ, ਅਟੱਲ ਸੱਚ ਕਰ ਲਿਆ ਹੈ।

ਇਹ ਹੈ ਉਹ ਕਾਫਲਾ ਜਿਸ ਲਈ ਇਕੋ ਇਕ ਨਾਨਕ ਦਾ ਉਚਾ ਦਰ, ਸਿਰਫ ਤੇ ਸਿਰਫ ਦਸ ਨਾਨਕਾਂ ਦੁਅਰਾ ਅਤਿ ਘਾਲਣਾਂ ਨਾਲ ਉਸਾਰਿਆ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਹੀ ਹਨ ਅਤੇ ਜਦ ਤੱਕ ਸੰਸਾਰ ਹੈ, ਇਹ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਹੀ ਇਕੋ ਇਕ ਨਾਨਕ ਦਾ ਉਚਾ ਦਰ ਅਤੇ ਇਸ ਉਚੇ ਦਰ ਦੇ ਪ੍ਰਤੀਕ ਹਨ ਅਤੇ ਹੋ ਸਕਦੇ ਹਨ।

ਇਹ ਹੈ ਉਹ ਕਾਫਲਾ ਜਿਸ ਲਈ ਜਦ ਤੱਕ ਦੁਨੀਆਂ ਹੈ, ਨਾਨਕ ਤੋਂ ਦਸ਼ਮੇਸ਼ ਤੱਕ ਦੇ ਅਧਿਆਤਮ ਸਫਰ, ਕਰਤੇ ਰੱਬ ਦੀ ਬੁਧ ਦੇ ਪ੍ਰਕਾਸ਼ ਸਿਖ ਧਰਮ ਦੁਆਰਾ ਸਿਰਜਿਆ ਪੂਰਨ ਪੁਰਖ ਇਨਸਾਨ ਕਿਰਦਾਰ, ਖਾਲਸਾ ਪੰਥ ਹੀ ਇਕੋ ਇਕ 'ਏਕਸ ਕੇ ਬਾਰਕ' ਉਪਦੇਸ਼ ਦੇਣ ਅਤੇ ਮੰਨਣ ਵਾਲਿਆਂ ਦਾ ਪਵਿਤ੍ਰ ਸਿਖੀ ਕ੍ਰਿਦਾਰ ਧਾਰਨੀ ਸੰਗਠਨ ਹੈ ਅਤੇ ਹੋ ਸਕਦਾ ਹੈ।

ਪਿਤਾ ਵਲੋਂ ਵਪਾਰ ਲਈ 20 ਰੁਪਏ ਦੇ ਕੇ ਭੇਜੇ ਬਾਲੇ ਗੁਰੂ ਨਾਨਕ ਵਲੋਂ ਉਨਾਂ ਵੀਹਾਂ ਨੂੰ ਵਧਾਉਣ ਲਈ ਕੋਈ ਵਪਾਰ ਜਾਂ ਹੱਟੀ ਨਹੀਂ ਸ਼ੁਰੂ ਕਰ ਲਈ ਸੀ। ਇਕ ਰੋਜਾਨਾਂ ਅਖਬਾਰ ਹੱਟੀ, ਜਿਸ ਨੂੰ ਕੱਢਣ ਲਈ ਮਾਇਆ ਵਾਲੇ ਦੀ ਮਾਇਆ ਨੂੰ ਕੁਝ ਵਰ੍ਹੇ ਵਿਚ ਹੋਰ ਸਭਨਾਂ ਤੋਂ ਵੱਧ ਵਧਾਕੇ ਦੇਣ ਦਾ ਲਾਲਚ ਹੈ, ਜਿਥੇ ਇਸ਼ਤਿਹਾਰਾਂ ਦੁਆਰਾ, ਕੋਈ ਮਾਲਕ, ਕੋਈ ਪਾਰਟੀ, ਕੋਈ ਧਾਰਮਕਿ, ਰਾਜਨੀਤਕ ਜਥੇਬੰਦੀ, ਆਪਣੇ ਕੰਮਾਂ ਦੀ ਜਾਣਕਾਰੀ ਲਈ, ਆਪਣੀਂ ਪ੍ਰਸੰਸਾ ਲਈ ਅਤੇ ਆਪਣੇ ਵਿਰੋਧੀ ਦੀ ਸੱਚੀ ਝੂਠੀ ਨਿੰਦਾ ਲਈ ਮਾਇਆ ਦੇ ਨਾਲ ਇਸ਼ਤਿਹਾਰਾਂ ਦੁਆਰਾ ਥਾਂ ਖਰੀਦ ਸਕਦਾ ਹੈ। ਜਿਥੇ ਜਾਣੇ ਆਨਜਾਣੇ ਦੋ ਧਾਰਾ ਪ੍ਰਚਾਰ ਅਤੇ ਕਿਰਦਾਰ ਹੈ, ਜਿਵੇਂ ਇਕ ਪਾਸੇ ਆਪਣੇ ਨਾਵਾਂ ਨਾਲ ਗੁਰੂ, ਸਤਿਗੁਰੂ, ਨਿਰੰਕਾਰੀ ਨਾਂਵ ਜੋੜਨ ਵਾਲਿਆਂ ਦੀ ਨਿੰਦਾ, ਪਰ ਦੁਜੇ ਪਾਸੇ ਆਪ ਹੀ ਆਪਣੀ ਅਖਬਾਰ ਦੀ ਵਰ੍ਹੇਗੰਢ ਸਮਾਗਮ ਸਮੇਂ ਨਿਰੰਕਾਰੀ ਨਾਮ, ਜੋ ਸਿਰਫ ਤੇ ਸਿਰਫ ਸਤਿਗੁਰੂ ਗੁਰੂ ਨਾਨਕ ਦੇਵ ਜੀ ਲਈ ਹੀ ਹੋਇਆ ਹੈ, ਨੂੰ ਧਰਾਣ ਵਾਲੇ ਨੂੰ ਆਪਣੀ ਸਟੇਜ ਦਾ ਸ਼ੰਗਾਰ ਬਣਾਇਆ ਹੋਣਾਂ। ਜਿਵੇਂ ਦੂਜਿਆਂ ਨੂੰ '**ਰੋਸੁ ਨ ਕੀਜੈ ਉਤਰੁ ਦੀਜੈ** ' (**ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ ॥ ਗੁਰਬਾਣੀ ਪੰਨਾ** 938) ਚਿਤਾਰਨ ਵਾਲੇ, ਪਰ ਇਨਾਂ ਨੂੰ ਇਹ ਹੀ ਚਿਤਾਰਨ ਵਾਲਿਆਂ ਨੂੰ ਖੁਦ ਉਤਰ ਨਾ ਦੇਣ ਲਈ ਨਿਤਰਨ ਵਾਲੇ। ਜਿਵੇਂ ਇਕ ਪਾਸੇ ਸ੍ਰੀ ਅਕਾਲ ਤਖਤ ਸਾਹਿਬ ਤੇ ਕਿਸੇ ਗੈਰ ਸਿਖ ਦੇ ਨਾ ਆ ਸਕਣ ਦੀ ਵਕਾਲਤ ਕਰਨੀ, ਪਰ ਦੂਜੇ ਪਾਸੇ ਸ੍ਰੀ ਅਕਾਲ ਤਖਤ ਸਾਹਿਬ ਆਏ ਕਾਂਗਰਸੀਆਂ ਦੇ ਇਕ ਟੋਲੇ ਦੀ ਤਸਵੀਰ ਛਾਪਣੀ, ਜਿਸ ਵਿਚ ਕੁਝ ਨੇ ਸਿਰਾਂ ਨੂੰ ਰੁਮਾਲਾਂ ਨਾਲ ਢਕਿਆ ਹੋਇਆ ਹੋਣਾਂ। ਜਿਵੇਂ ਇਕ ਪਾਸੇ 'ਬਲਿਹਾਰ ਜਾਵਾਂ ਉਨਾਂ ਤੋਂ ਜੋ ਅਜੇ ਵੀ ਸ਼ਰੋਮਣੀ ਕਮੇਟੀ , ਜਥੇਦਾਰਾਂ ਤੇ ਅਜੋਕੇ ਅਕਾਲੀਆਂ ਤੋਂ ਸਿਖ ਮਸਲੇ ਹੱਲ ਕਰਾਉਣਾਂ ਚਾਹੁੰਦੇ ਹਨ', ਦੂਜੇ ਪਾਸੇ ਆਪੇ ਹੀ ਸ਼੍ਰੋਮਣੀ ਕਮੇਟੀ ਨੂੰ ਸਵਰਗਵਾਸੀ ਡਾ ਨੋਇਲ ਕਿੰਗ ਦੀਆਂ ਲਿਖਤਾਂ ਇਕੱਤਰ ਕਰਨ ਅਤੇ ਕਿਤਾਬ ਛਾਪਣ ਦੇ ਮਤੇ ਪਾਸ ਕਰਨੇ। ਇਕ ਪਾਸੇ ਬਾਦਲਕਿਆਂ ਦੇ ਚੁਣੇ ਤੇ ਪੰਥ ਤੇ ਧੋਪੇ ਨਕਲੀ ਜਥੇਦਾਰ

ਪੁਜਾਰੀਆਂ ਨੂੰ, ਇਨਾਂ ਦੁਆਰਾ ਜਾਰੀ ਕੀਤੇ ਜਾਂਦੇ ਨਕਲੀ ਹੁਕਮਨਾਮਿਆਂ ਨੂੰ ਅਤੇ ਇਨਾਂ ਦੇ ਕਾਇਮ ਪੁਜਾਰੀ ਸ਼੍ਰੇਣੀ ਢਾਂਚੇ ਨੂੰ ਪੂਰੇ ਜੋਰਾਂ ਸ਼ੋਰਾਂ ਨਾਲ ਰੱਦ ਕਰਨਾਂ ਅਤੇ ਦੂਜੇ ਪਾਸੇ ਨਕਲੀ ਦਸਮ ਗ੍ਰੰਥ ਦੇ ਖਿਲਾਫ ਸਮਾਗਮ ਨੂੰ ਰੋਕਣ ਆਉਣ ਵਾਲਿਆਂ ਨਾਲ ਝਗੜਾ ਨਬੇੜਨ ਲਈ ਇਸ ਪੁਜਾਰੀ ਸ਼੍ਰੇਣੀ ਅਤੇ ਇਸ ਦੇ ਨਕਲੀ ਜਥੇਦਾਰਾਂ ਨੂੰ ਵਿਚਕਾਰ ਉਤਮ ਕਰ ਲੈਣਾਂ ਅਤੇ ਉਨਾਂ ਦੁਆਰਾ ਦਿੱਤੇ ਫੈਸਲੇ ਨੂੰ ਸਿ ਮੱਥੇ ਮੰਨਣ ਦੇ ਐਲਾਨ ਕਰਨੇ। ਜਿਥੇ ਝੂਠੀ ਖਬਰ ਦਾ ਛਪ ਜਾਣਾਂ ਅਸੰਭਵ ਹੀ ਨਾ ਹੋਵੇ, ਜਿਵੇਂ ਆਪੇ ਇਕ ਭਾਜਪਾ ਨਾਲ ਸਬੰਧਤ ਰਾਜਨੀਤਕ ਸਰਗਰਮ ਬੀਬੀ ਨੂੰ ਕਿਸੇ ਗੁਰੂ ਘਰ ਆਉਣ ਤੋਂ ਇਨਕਾਰੀ ਹੁੰਦੀ ਵਿਖਾਲਣਾਂ ਅਤੇ ਮਗਰੋਂ ਆਪੇ ਹੀ ਇਸ ਖਬਰ ਨੂੰ ਗਲਤ ਕਰਾਰਨਾਂ ਅਤੇ ਜਿਸ ਨੂੰ ਆਪਣੀ ਝੂਠੀ ਪ੍ਰਸੰਸਾ ਕਰਵਾ ਲੈਣ ਦਾ ਵੀ ਭਾਰੀ ਰੋਗ ਲੱਗਾ ਹੋਵੇ ਜਿਵੇਂ ਇਕ ਲਿਖਦਾ ਹੈ, "ਪਿਛਲੇ ਦਿਨੀਂ ਸ਼ਰੋਮਣੀ ਕਮੇਟੀ ਨੇ ਸਹਿਜਧਾਰੀ ਮੁਦੇ ਤੇ ਇਕ ਹਲਫੀਆ ਬਿਆਨ ਕੌਮ ਤੇ ਥੋਪਣ ਦੀ ਕੋਸ਼ਿਸ਼ ਕੀਤੀ ਸੀ, ਪਰ ਐਨ ਮੌਕੇ ਤੇ ਸਪੋਕਸਮੈਨ ਨੇ ਦਖਲ ਦੇਕੇ ਸਿਖ ਕੌਮ ਨਾਲ ਹੋਣ ਵਾਲੀ ਇਕ ਬਹੁਤ ਠੱਗੀ ਰੋਕ ਲਈ।" ਜਦ ਕਿ ਚਿੱਟੇ ਦਿਨ ਦਾ ਸੱਚ ਇਹ ਹੇ ਕਿ ਇਹ ਠੱਗੀ ਤਾਂ ਅਜੇ ਤੱਕ ਉਸੇ ਤਰਾਂ ਬਰਕਰਾਰ ਹੈ, ਕੇਸ ਚਲ ਰਿਹਾ ਹੈ। ਜਿਥੇ ਹੋਰ ਸੱਭੇ ਗੁਰੂ ਹੁਕਮਾਂ ਨੂੰ ਮੰਨਣ, ਪਰ ਕੇਸਾਂ ਦੀ ਬਿਆਦਬੀ ਕਰਨ ਵਾਲੇ ਨੂੰ ਪਤਿਤ ਕਰਾਰ ਦੇਣ ਦਾ ਫੈਸਲਾ ਵਿਦਵਾਨਾਂ ਨੂੰ ਕਰਨ ਦੀ ਸਲਾਹ ਹੈ, ਪਰ ਇਕ ਕੇਸਾਂ ਦੀ ਬਿਆਦਵੀ ਨਾ ਕਰਨ, ਹੋਰ ਬਾਕੀ ਸੱਭੇ ਗੁਰੂ ਹੁਕਮਾਂ ਨੂੰ ਨਾਂ ਮੰਨਣ ਵਾਲਿਆਂ ਲਈ ਕਿਹੜਾ ਨਾਂ ਵਿਦਵਾਨਾਂ ਵੱਲੋਂ ਦੁਆਉਣਾਂ ਹੈ, ਜੁਬਾਨ ਬੰਦ। ਸੋ ਅਜਿਹੀ ਰੋਜਾਨਾਂ ਅਖਬਾਰ ਦੁਕਾਨ ਤੇ **ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ,** ਦਾ ਫੱਟਾ ਲਾ ਲੈਣਾਂ, ਇਸ ਗੁਰਬਾਣੀ ਫੁਰਮਾਨ ਦੀ ਨਜਾਇਜ ਵਰਤੋਂ ਦੁਆਰਾ ਗੁਰਬਾਣੀ ਅਤੇ ਗੁਰਬਾਣੀ ਦੇ ਸੱਚ ਦਾ ਘੋਰ ਅਪਮਾਨ ਹੈ। ਇਹ ਅਪਮਾਨ ਕਰਨ ਵਾਲੇ ਜਦ ਤੱਕ ਆਪਣੀਂ ਦੁਕਾਨ ਅਖਬਾਰ ਤੋਂ **ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ,** ਦਾ ਲਾਇਆ ਨਜਾਇਜ ਫੱਟਾ ਨਹੀਂ ਲਾਹ ਲੈਂਦੇ, ਕਰਤੇ ਦੇ ਕਰਮ ਕਾਨੂੰਨ ਅਨੁਸਾਰ ਅਪਣੇ ਸਿਰਾਂ ਤੇ ਪਾਪਾਂ ਦੀ ਪੰਡ ਨੂੰ ਭਾਰੀ ਹੀ ਭਾਰੀ ਕਰੀ ਜਾਣ ਵਾਲੇ, ਜਮ ਜੂਨਾਂ ਦੇ ਨਰਕ ਭਾਗੀ ਹੀ ਹੋ ਸਕਦੇ ਹਨ।

ਜੇ ਕੋਈ ਲੇਖਿਕ ਦਸ਼ਮੇਸ਼ ਪਿਤਾ ਨੂੰ ਮਾਧੋ ਦਾਸ (ਪਿਛੋਂ ਬੰਦਾ ਸਿੰਘ ਬਹਾਦਰ) ਦੇ ਡੇਰੇ ਤੇ ਜਾਕੇ, ਉਸ ਦੀਆਂ ਸਾਰੀਆਂ ਭੇਡਾਂ ਬੱਕਰੀਆਂ ਦਾ ਮਾਸ ਆਪਣੇ ਸਿਖਾਂ ਨੂੰ ਖੁਆਉਂਦਾ ਪੇਸ਼ ਕਰਦਾ ਹੈ ਤਾਂ ਉਸ ਦੀ ਮਤ ਤੇ ਅਖੌਤੀ ਦਸਮ ਗ੍ਰੰਥ ਦੀਆਂ ਬਿਪਰਨ ਲਿਖਤਾਂ ਦਾ ਅਸਰ ਹੋ ਚੁੱਕਾ ਹੈ। ਜੇ ਇਹ ਹੀ ਲੇਖਿਕ ਹੱਥੀਂ ਰਣ ਤੱਤੇ ਨੂੰ ਤੋਰੇ ਸਹਿਬਜਾਦੇ ਨੂੰ ਗੁਰੂ ਵੱਲੋਂ ਸੰਤਾਨ ਮੋਹ ਵਿਚ ਵਾਪਿਸ ਬੁਲਾਂਦਾ ਪੇਸ਼ ਕਰਦਾ ਹੈ ਤਾਂ ਇਹ ਆਪਣੀ ਕਮਜੋਰੀ ਨੂੰ ਨਰਮ ਕਰਨ ਲਈ, ਪੂਰਨ ਗੁਰੂ ਸਤਿਗੁਰੂ ਸਖਸ਼ੀਅਤ ਉਤੇ ਝੂਠਾ ਇਲਜਾਮ ਮੜ੍ਹਦਾ ਇਹ ਦਰਸਾਉਂਦਾ ਹੈ ਕਿ ਜੇ ਗੁਰੂ ਨੂੰ ਪ੍ਰਵਾਰ ਮੋਹ ਸੀ ਤਾਂ ਸਾਨੂੰ ਅਪਣਾਂ ਅਤੇ ਆਪਣੇ ਪਰਵਾਰਾਂ ਦਾ ਮੋਹ ਹੋਣਾਂ ਅਤੇ ਇਮਤਿਹਾਨ ਵੇਲੇ, ਇਸ ਮੋਹ ਵਿਚ, ਸਿਰ ਗੁਰੂ ਨਾਵੇਂ ਲਾ ਦੇਣ ਤੋਂ ਸਾਡੇ ਵੱਲੋਂ ਕੰਨੀ ਕਤਰਾਈ ਜਾਣਾਂ, ਸੁਭਾਵਕ ਹੈ ਅਤੇ ਇਸ ਦੇ ਬਾਵਯੂਦ ਵੀ ਅਸੀਂ ਗੁਰੂ ਦੇ ਸਿਖ ਹਾਂ। ਪੂਰਨ ਗੁਰੂ, ਸਤਿਗੁਰੂ ਸਖਸ਼ੀਅਤ ਨੂੰ ਅਪੂਰਣ ਦੱਸਣ ਲਈ ਝੂਠੇ ਇਲਜਾਮ ਲਾਉਣ ਵਾਲੇ ਅਤੇ ਕਦੇ ਰਣ ਤੱਤੇ ਵਿਚ ਵਿਚਰਨ ਵਾਲਿਆਂ ਦੇ ਨੇੜੇ ਅਤੇ ਹਮਦਰਦ ਰਹੇ ਇਸ ਲੇਖਿਕ ਵੱਲੋਂ, ਖਾਲਿਸਤਾਨ ਦੀ ਮੰਗ ਨੂੰ ਠੁਕਰਾਉਣ ਅਤੇ ਨਿੰਦਣ ਬਦਲੇ, ਬੇਰੋਕ ਟੋਕ ਇੰਡੀਆ ਆਣ ਜਾਣ ਦੀ ਖੁਲ੍ਹ ਦੇ ਮਿਲ ਜਾਣ ਕਰਕੇ, ਗੁਰੂ ਅਪਮਾਨ ਦਾ ਕੀਤਾ ਕਾਰਾ, ਬਿਪਰਨ ਤਖਤ ਨੂੰ ਧੰਨਵਾਦ ਦੇ ਤੋਹਫੇ ਵਜੋਂ ਪੇਸ਼ ਕੀਤੇ ਗਿਆ ਹੈ।

**ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥** (ਪੰਨਾ 656)

**ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ ॥**

**ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥** (ਪੰਨਾ 1105)

**ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥ ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ ॥** (ਪੰਨਾ 1090)

ਇਸ ਗੁਰਸਿਖ ਕਾਫਲੇ ਲਈ ਇਹ ਗੁਰੂ ਕਰਤੇ ਦਾ ਸੱਚ ਹੈ ਕਿ ਸੰਨ 1708 ਨੂੰ ਦਸ਼ਮੇਸ਼ ਪਿਤਾ ਵਲੋਂ ਜਿਹੜੀ ਸ਼ਬਦ ਗੁਰੂ ਦੀ ਦੇਹ-ਬੀੜ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਖਾਲਸਾ ਪੰਥ ਨੂੰ ਬਖਸ਼ਿਸ਼ ਕਰਕੇ, ਆਪਣਾਂ ਗੁਰੂ ਮੰਨਣ ਦਾ ਹੁਕਮ ਕੀਤਾ ਸੀ, ਸਿਰਫ ਤੇ ਸਿਰਫ ਉਸ ਨੂੰ ਹੀ ਅਤੇ ਉਸ ਤੋਂ ਹੂਬਹੂ ਉਤਾਰੇ ਬੀੜ ਨੂੰ ਹੀ ਇਹ ਗੁਰਸਿਖ ਕਾਫਲਾ ਆਪਣਾਂ ਸ਼ਬਦ ਗੁਰੂ ਅਤੇ ਇਸੇ ਸ਼ਬਦ ਗੁਰੂ ਦੇ ਪ੍ਰਕਾਸ਼ ਅਸਥਾਨ ਨੂੰ ਹੀ ਆਪਣਾਂ ਗੁਰੂਘਰ ਸਵਿਕਾਰਦਾ ਹੈ। ਗੁਰੂ ਵੱਲੋਂ ਖਾਲਸਾ ਪੰਥ ਨੂੰ ਬਖਸ਼ਿਸ਼ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਾਲ ਕੋਈ ਛੇੜਖਾਨੀ ਕਰਕੇ, ਇਸ ਨੂੰ ਪੱਦ ਸ਼ੇਦ ਕਰਕੇ, ਗੁਰੂ ਦੀ ਕੀਤੀ ਨੂੰ ਰੱਦ ਕਰਨ ਵਾਲਾ, ਇਸ ਦੀ ਹਮਾਇਤ ਕਰਨ ਵਾਲਾ, ਇਸ ਦਾ ਪ੍ਰਚਾਰ ਕਰਨ ਵਾਲਾ ਕੋਈ ਸਿਖ, ਕੋਈ ਸਿਖ ਵਿਦਵਾਨ, ਗਿਆਨੀ

ਜਾਂ ਸਿਖ ਧਰਮ ਦਾ ਰੱਖਿਅਕ ਨਹੀਂ ਹੋ ਸਕਦੇ। ਗੁਰੂ ਕੀਤੀ ਨੂੰ ਉਲਟਾ ਕੇ, ਗੁਰੂ ਨੂੰ ਹੀ ਆਪਣੇ ਮੁਤਾਬਕ ਤਬਦੀਲ ਕਰ ਲੈਣ ਵਾਲਾ ਲੈਣ ਵਾਲੇ, ਸਿਖ ਸਰੂਪ ਵਿਚ ਗੁਰੂ ਨਾਲ, ਗੁਰੂ ਦੇ ਆਗਿਆਕਾਰ ਪੰਥ ਨਾਲ ਸਿਖਰ ਦਾ ਧ੍ਰੋਹ ਕਰ ਜਾਣ ਵਾਲੇ, ਅਸਲ ਸ਼ਹੀਦ ਸੰਤ ਭਗਤ ਦੇ ਦੋਖੀ, ਨਕਲੀਆਂ ਪਖੰਡੀਆਂ ਦੇ ਪ੍ਰਸੰਸਕ, ਹਮੈਤੀ, ਸਾਕਤ, ਅਕ੍ਰਿਤਘਣ, ਦੁਸ਼ਟ, ਮਸੰਦ, ਹੀ ਹੋ ਸਕਦੇ ਹਨ। ਜਿਨਾਂ ਨੂੰ ਗੁਰਬਾਣੀ ਦੁਰਗੰਧ ਮਾਰਦੇ ਐਲਾਨਦੀ ਹੈ ਅਤੇ ਇਨਾਂ ਦੇ ਸੰਗ ਤੋਂ ਬਚਣ ਦਾ ਉਪਦੇਸ਼ ਦਿੰਦੀ ਹੈ। ਇਹ ਦੁਰਗੰਧ ਮਾਰਦੇ ਸਿਖ ਸਰੂਪ ਵਿਚ ਬਿਪਰਨਕੇ ਉਹ ਹਨ ਜਿਨਾਂ ਵਲੋਂ, ਪਹਿਲਾਂ ਮਰਣ ਕਬੂਲ ਕਰ, ਸੀਸ ਨੂੰ ਤਲੀ ਤੇ ਧਰ, ਗੁਰੂ ਵੱਲ ਆਇਆ ਗਿਆ ਸੀ ਅਤੇ ਆਪਣਾਂ ਸਿਰ ਗੁਰੂ ਦੀ ਇਮਾਨਤ ਕਰਕੇ ਸਿਖ ਸਰੂਪ ਨੂੰ ਧਾਰਨ ਦਾ ਅਧਿਕਾਰ ਗੁਰੂ ਵਲੋਂ ਲਿਆ ਗਿਆ ਸੀ। ਹੁਣ ਜਦ ਗੁਰੂ ਨੇ ਤਿਆਗ ਅਤੇ ਕਰਬਾਨੀ ਲਈ ਇਸ ਇਮਾਨਤ ਦੀ ਮੰਗ ਅਮਲ ਕਰ ਦਿੱਤੀ ਗਈ ਹੈ ਤਾਂ ਇਹ ਬੇਸ਼ਰਮੀ ਨਾਲ ਮੁਕਰਕੇ, ਜਾਬਰ ਬਿਪਰਣ ਤਖਤ ਦੀ ਝੋਲੀ ਵਿਚ ਬਹਿਕੇ, ਉਸ ਦੀ ਗੁਲਾਮੀ ਨੂੰ ਪੰਥ ਲਈ ਗੁਰੂ ਕਰਤੇ ਦਾ ਹੁਕਮ ਅਤੇ ਰਜਾ ਫਰਮਾ ਰਹੇ ਹਨ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ (ਪੰਨਾ 1102)

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ (ਪੰਨਾ 1412)

ਗੁਰੂ ਨਾਲ ਕੀਤੇ ਇਨਾਂ ਇਕਰਾਰਾਂ ਤੋਂ ਮੁਕਰਨ ਅਤੇ ਹੋਰ ਅਣਗਿਣਤ ਗੁਰੂ ਹੁਕਮਾਂ ਦੇ ਉਲਟ ਮਨ ਭਾਣੇ ਸਾਦ ਕਰਨ ਵਾਲੇ ਸਿਖੀ ਸਰੂਪ ਵਿਚ ਦੁਰਗੰਧ ਮਾਰ ਰਹੇ ਸਾਕਤ, ਅਕ੍ਰਿਤਘਣ, ਪਾਪੀ ਕੀੜਿਆਂ ਵਾਰੇ ਅਤੇ ਇਨਾਂ ਤੋਂ ਬਚਣ ਵਾਰੇ ਗੁਰੂ ਫੁਰਮਾਨ:

ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ (ਪੰਨਾ 22)

ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ ॥

ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥ (ਪੰਨਾ 172)

ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥ (ਪੰਨਾ 195)

ਬਿਰਥੀ ਸਾਕਤ ਕੀ ਆਰਜਾ ॥ ਸਾਚ ਬਿਨਾ ਕਹ ਹੋਵਤ ਸੂਚਾ ॥

ਬਿਰਥਾ ਨਾਮ ਬਿਨਾ ਤਨੁ ਅੰਧ ॥ ਮੁਖਿ ਆਵਤ ਤਾ ਕੈ ਦੁਰਗੰਧ ॥ (ਪੰਨਾ 269)

ਸੰਤ ਕੈ ਦੂਖਨਿ ਨੀਚੁ ਨੀਚਾਇ ॥ ਸੰਤ ਦੋਖੀ ਕਾ ਥਾਉ ਕੋ ਨਾਹਿ ॥ (ਪੰਨਾ 279)

ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥ ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ ॥ ਗੁਰਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ ॥ ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ ਰਲਨੀ ਖੋਟੇਆਰੇ ॥ ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ ॥ ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ ॥ ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ ॥ ਜਿਸ ਕਾ ਇਹੁ ਖੇਲੁ ਸੋਈ ਕਰਿ ਵੇਖੈ ਜਨ ਨਾਨਕ ਨਾਮੁ ਸਮਾਰੇ ॥ (ਪੰਨਾ 312)

ਮਿਥਿਆ ਜਨਮੁ ਸਾਕਤ ਸੰਸਾਰਾ ॥ ਰਾਮ ਭਗਤਿ ਜਨੁ ਰਹੈ ਨਿਰਾਰਾ ॥ (ਪੰਨਾ 354)

ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ ॥

ਸੁਖ ਦੁਖ ਦਾਤਾ ਗੁਰੁ ਮਿਲੈ ਕਹੁ ਨਾਨਕ ਸਿਫਤਿ ਸਮਾਇ ॥ (ਪੰਨਾ 597)

ਸੋਗੁ ਨ ਬਿਆਪੈ ਆਪੁ ਨ ਥਾਪੈ ਸਾਧਸੰਗਤਿ ਬੁਧਿ ਪਾਈ ॥

ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ ॥ (ਪੰਨਾ 606)

ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ ॥

ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ ॥ (ਪੰਨਾ 673)

ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ ॥ ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥ (ਪੰਨਾ 706)

ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ ਜਿਸ ਤੇ ਪਾਈਐ ਪਰਮ ਨਿਧਾਨੁ ॥

ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲ ਸਭੁ ਅਗਿਆਨੁ ॥ (ਪੰਨਾ 734)

ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥ ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥ (ਪੰਨਾ 742)

ਸਾਕਤ ਨਰ ਹੋਛੀ ਮਤਿ ਮਧਿਮ ਜਿਨ੍ ਹਰਿ ਹਰਿ ਸੇਵ ਨ ਕਰਾ ॥

ਤੇ ਨਰ ਭਾਗਹੀਨ ਦੁਹਚਾਰੀ ਓਇ ਜਨਮਿ ਮੁਏ ਫਿਰਿ ਮਰਾ ॥ (ਪੰਨਾ 799)
ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥ ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥ (ਪੰਨਾ 811)
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ ॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ ॥ (ਪੰਨਾ 854)
ਸਾਕਤ ਦੁਰਜਨ ਭਰਮਿਆ ਜੋ ਲਗੇ ਦੂਜੈ ਸਾਦਿ ॥
ਜਨ ਨਾਨਕਿ ਹਰਿ ਪ੍ਰਭੁ ਬੁਝਿਆ ਗੁਰ ਸਤਿਗੁਰ ਕੈ ਪਰਸਾਦਿ ॥ (ਪੰਨਾ 957)
ਚਉਰਾਸੀਹ ਨਰਕ ਸਾਕਤੁ ਭੋਗਾਈਐ ॥ ਜੈਸਾ ਕੀਚੈ ਤੈਸੋ ਪਾਈਐ ॥
ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ ॥ (ਪੰਨਾ 1028)
ਸਾਕਤ ਜਮ ਕੀ ਕਾਣਿ ਨ ਚੂਕੈ ॥ ਜਮ ਕਾ ਡੰਡੁ ਨ ਕਬਹੂ ਮੂਕੈ ॥ (ਪੰਨਾ 1030)
ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥
ਅਹੰਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ ॥ (ਪੰਨਾ 1138-1139)
ਕਹਤ ਕਬੀਰ ਹਉ ਕਹਉ ਪੁਕਾਰਿ ॥ ਸਮਝਿ ਦੇਖੁ ਸਾਕਤ ਗਾਵਾਰ ॥
ਦੂਜੈ ਭਾਇ ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥ (ਪੰਨਾ 1160)
ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ ॥
ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ ॥ (ਪੰਨਾ 1200)
ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ ॥
ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ ॥ (ਪੰਨਾ 1326)
ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ॥ ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ ॥ (ਪੰਨਾ 1365)
ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥ ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥ (ਪੰਨਾ 1369)
ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥ (ਪੰਨਾ 1411)
ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥ (ਪੰਨਾ 1424)

ਗੁਰੂ ਪਿਆਰੀ ਸੰਗਤ ਜੀ, ਸਿਖ ਸਰੂਪ ਵਿਚ, ਬਿਪਰਨ ਰੀਤਾਂ ਦੀ ਦੁਰਗੰਧ ਨਾਲ ਭਰੇ ਇਨਾਂ ਸਾਕਤਾਂ ਦੀ ਗੁਰੂ ਵੱਲੋਂ ਵੱਡੇ ਵਿਸਥਾਰ ਨਾਲ ਉਕਰੀ ਤਸਵੀਰ ਅਤੇ ਇਨਾਂ ਦੇ ਸੰਗ ਅਤੇ ਮਗਰ ਲੱਗਣ ਤੋਂ ਵਰਜਦੇ ਗੁਰਬਾਣੀ ਫੁਰਮਾਨਾਂ ਨੂੰ ਇਨਾਂ ਹੋਰ ਪੰਨਿਆਂ ਤੋਂ ਵੇਖ ਸਕਦੇ ਹੋ। ਜਿਨਾਂ ਨੇ ਗੁਰੂ ਵਲੋਂ ਗੁਰੂ ਮੰਨਣ ਲਈ ਸੌਂਪੀ ਸ਼ਬਦ ਗੁਰੂ ਬੀੜ ਨੂੰ ਹੀ ਉਸ ਰੂਪ ਵਿਚ ਨਾ ਰਹਿਣ ਦਿੱਤਾ ਗਿਆ ਜਿਸ ਰੂਪ ਵਿਚ ਇਹ ਖਾਲਸਾ ਪੰਥ ਨੂੰ ਗੁਰੂ ਮੰਨਣ ਲਈ ਸੌਂਪੀ ਗਈ ਸੀ ਅਤੇ ਜੋ ਇਸ ਕੁਕਰਮ ਨੂੰ ਚੰਗਾ ਆਖਕੇ ਸਲਾਹ ਰਹੇ ਨੇ ਅਤੇ ਇਸ ਦੀ ਪ੍ਰੋੜਤਾ ਕਰ ਰਹੇ ਨੇ। ਸੋ ਇਥੇ ਘਟੋ ਘੱਟ ਹੋਰ ਪੰਨਿਆ ਦਾ ਜਿਕਰ: ਪੰਨਾਂ 13, 171, 21, 63, 105, 109, 142, 169, 170, 180, 198, 214, 239, 241, 252, 254, 255, 257, 260, 326, 372, 415, 481, 517, 523, 535-536, 574, 597, 604, 609, 641, 681, 698, 739, 800, 806, 820, 834, 865, 871, 888, 892, 906, 906-907, 981, 982, 982-983, 984, 986, 1014, 1025-1026, 1026,1027, 1029, 1031, 1042, 1043, 1073, 1090, 1136, 1137, 1137, 1151, 1177, 1183-1184, 1191, 1198, 1224, 1244, 1284, 1310, 1319, 1323, 1324, 1225, 1334, 1336, 1357, 1367, 1369, 1371, 1372

ਸ਼ਰੋਮਣੀ ਕਮੇਟੀ ਵਲੋਂ ਚੁਪ ਚਪੀਤੇ, ਗੁਰੂ ਵਲੋਂ ਗੁਰੂ ਮੰਨਣ ਦੇ ਹੁਕਮ ਨਾਲ ਬਖਸ਼ਿਸ਼ ਬੀੜ ਨੂੰ ਗੁਰੂ ਨਾ ਮੰਨਦਿਆਂ, ਇਸ ਨੂੰ ਪੱਦ ਛੇਦ ਕਰਨ ਅਤੇ ਇਸ ਦੇ ਗੁਰੂਘਰਾਂ ਵਿਚ ਪ੍ਰਕਾਸ਼ ਕਰਵਾਉਣ ਦਾ ਕੁਕਰਮ ਤਾਂ ਕੀਤਾ ਹੀ ਸੀ, ਹੁਣ ਇਸ ਵੱਲੋਂ ਇਸ ਕੁਕਰਮ ਤੋਂ ਹੋਰ ਅੱਗੇ ਵਧਦਿਆਂ, ਗੁਰਬਾਣੀ ਵਖਿਆਨ ਦੀਆਂ ਪੋਥੀਆਂ ਵਿਚ, ਪਹਿਲੋਂ ਹੀ ਪੱਦ ਛੇਦ ਕੀਤੀ ਗੁਰਬਾਣੀ ਵਿਚ ਆਪਣੇ ਕੋਲੋਂ, ਕੌਮੇ ਆਦਿ ਹੋਰ ਵੀ ਤਬਦੀਲੀਆਂ ਕਰਵਾ ਰੱਖੀਆਂ ਹਨ। ਜਦ ਕਿ ਗੁਰੂ ਵਲੋਂ ਬਖਸ਼ਿਸ ਸ਼ਬਦ ਗੁਰੂ ਬੀੜ ਵਿਚ ਕਿਸੇ ਤਰਾਂ ਦੀ ਵੀ ਕੋਈ ਤਬਦੀਲੀ ਕਰ ਸਕਣ ਦਾ ਅਧਿਕਾਰ ਰੱਖਣ ਵਾਲਾ ਸੰਸਾਰ ਤੇ ਕੋਈ ਸਿਖ, ਅਸਿਖ, ਵਿਦਵਾਨ, ਗਿਆਨੀ ਹੋ ਹੀ ਨਹੀ ਸਕਦਾ। ਜਦ ਕਿ ਕਿਸੇ ਗੁਰੂ ਘਰ ਵਿਚ ਦਸ਼ਮੇਸ਼ ਪਿਤਾ ਵਲੋਂ ਖਾਲਸਾ ਪੰਥ ਨੂੰ ਬਖਸ਼ਿਸ ਅਸਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੀ ਹੋ ਸਕਦਾ ਹੈ। ਪਦ ਛੇਦ ਗੁਰਬਾਣੀ ਦੀਆਂ ਪੋਥੀਆਂ ਨੂੰ, ਜਿਨਾਂ ਵਿਚ ਕਿਸੇ ਵਲੋਂ ਕੌਮੇ ਆਦਿ ਅਪਣੇ ਕੋਲੋਂ ਜੋੜ ਦੇਣ ਦਾ ਕੀਤਾ ਕੋਈ ਕੁਕਰਮ ਨਾ ਹੋਵੇ, ਨੂੰ ਗੁਰੂ ਗਿਆਨ ਅਤੇ ਖੋਜ ਲਈ ਕੋਈ ਵੀ ਜਗਿਆਸੂ, ਖੋਜੀ ਜਾਂ

ਸ਼ਰਧਾਵਾਨ ਸਿਖ ਆਪਣੇ ਘਰ ਜਰੂਰ ਰੱਖ ਸਕਦਾ ਹੈ। ਜਿਨਾਂ ਤੋਂ ਕੋਈ ਗੁਰਸਿਖ ਗੁਰਬਾਣੀ ਪੜ੍ਹਨ ਦੇ ਅਭਿਆਸ ਦੁਆਰਾ, ਆਪਣੇ ਆਪਨੂੰ, ਗੁਰੂ ਘਰ ਅਸਲ ਸ਼ਬਦ ਗੁਰੂ ਤੋਂ ਪਾਠ ਕਰ ਸਕਣ ਦੇ ਕਾਵਿਲ ਕਰ ਸਕਦਾ ਹੈ। ਗੁਰੂ ਵਲੋਂ ਬਖਸ਼ਿਸ਼ ਅਸਲ ਸ਼ਬਦ ਗੁਰੂ ਬੀੜ ਤੋਂ ਪਾਠ ਕਰ ਸਕਣ ਲਈ, ਆਪਣੇ ਗੁਰਸਿਖਾਂ ਦੀ ਸੁਰਤੀ ਨੂੰ ਸ਼ਬਦ ਗੁਰੂ ਵਿਚ ਸਿਖਰ ਇਕਾਗਰ ਕਤਿਾ ਹੈ। ਦੁਨਿਆਵੀ ਵਿਦਿਆ ਲਈ ਮਿਹਨਤ ਦੁਆਰਾ ਹੋਰ ਭਾਸ਼ਾਵਾਂ ਨੂੰ ਸਿਖਕੇ ਵੱਡੀਆਂ ਵੱਡੀਆਂ ਡਿਗਰੀਆਂ ਹਾਸਲ ਕਰਕੇ ਆਪਣੇ ਨਾਵਾਂ ਨਾਲ ਵੱਡੇ ਵੱਡੇ ਦੁਨਿਅਵੀ ਖਿਤਾਬ ਜੋੜ ਸਕਣ ਵਾਲੇ 21 ਵੀਂ ਸਦੀ ਵਿਚ ਪਹੁੰਚੇ ਇਹ ਆਧੁਨਿਕ ਸਿਖ, ਜਦ ਗੁਰੂ ਵਲੋਂ ਬਖਸ਼ਿਸ ਅਸਲ ਸ਼ਬਦ ਗੁਰੂ ਨੂੰ ਪੜ੍ਹਨ ਦਾ ਵੇਲਾ ਆਉਂਦਾ ਹੈ ਤਾਂ ਇਸ ਨੂੰ ਔਖਾ ਦਸਦੇ ਹਨ। ਬ੍ਰਾਹਮਣ ਵਰਗ ਵੱਲੋਂ ਆਪਣੇ ਲਈ ਰਾਖਵੀਂ ਕੀਤੀ ਸੰਸਕ੍ਰਿਤੀ ਵਾਂਗਰ, ਗੁਰੂ ਵਲੋਂ ਬਖਸ਼ਿਸ਼ ਖਾਲਸਾ ਪੰਥ ਨੂੰ ਸ਼ਬਦ ਗੁਰੂ, ਗੁੰਥੀ ਸ੍ਰੇਣੀ ਲਈ ਹੀ ਗੁਰੂ ਵੱਲੋਂ ਰਾਖਵਾਂ ਕਰ ਦਿੱਤਾ ਐਲਾਨਦੇ ਨੇ। ਜਿਨਾਂ ਗੁਰੂ ਦੀ ਕੀਤੀ ਨੂੰ ਉਲੱਦਕੇ, ਗੁਰੂ ਵਲੋਂ ਬਖਸ਼ਿਸ ਸ਼ਬਦ ਗੁਰੂ ਨੂੰ ਹੀ ਆਪਣੀ ਸੌਖ ਲਈ ਬਦਲ ਲਿਆ, ਜਿਸ ਨੂੰ ਗੁਰੂ ਮੰਨਣਾਂ, ਗੁਰੂ ਹੁਕਮ ਸੀ, ਉਨਾਂ ਆਪਣੇ ਲਈ ਗੁਰੂ ਵਲੋਂ ਸਿਖ ਲਈ ਦਰਸਾਏ ਅਤਿ ਔਖੇ ਸਿਖੀ ਮਾਰਗ ਨੂੰ ਬਦਲਕੇ ਆਪਣੇ ਲਈ ਨਵਾਂ ਸੌਖਾ ਸਿਖੀ ਮਾਰਗ ਕਰ ਲਿਆ। ਜਿਸ ਦਾ ਅੱਜ ਇਹ ਸਿੱਟਾ ਵੇਖ ਰਹੇ ਹਾਂ ਕਿ ਇਕ ਭਾਜਪਾ ਦੇ ਰਾਜ ਅਧੀਨ ਗੁਲਾਮੀ ਨੂੰ ਸਿਖੀ ਜੀਵਨ ਐਲਾਨ ਰਹੇ ਨੇ ਅਤੇ ਇਕ ਕਾਂਗਰਸ ਦੇ ਰਾਜ ਅਧੀਨ ਗੁਲਾਮੀ ਨੂੰ ਸਿਖੀ ਜੀਵਨ ਐਲਾਨ ਰਹੇ ਹਨ। ਇਕ ਗੁਰੂਆਂ ਵੱਲੋਂ ਨਾਨਕ ਦੇ ਉਸਾਰੇ ਉਚੇ ਦਰ ਅਤੇ ਪ੍ਰਗਟ ਕੀਤੇ ਖਾਲਸਾ ਪੰਥ ਨੂੰ ਜਾਣੇ ਅਣਜਾਣੇ ਮਾੜਾ ਐਲਾਨਕੇ, ਆਪਣਾਂ ਵੱਖਰਾ 'ਏਕਸ ਕਾ ਬਾਰਕ' ਅਤੇ ਆਪਣੇ ਲਈ ਵੱਖਰਾ ਨਾਨਕ ਦਾ ਉਚਾ ਦਰ ਉਸਾਰਨ ਜਾ ਰਹੇ ਨੇ।

ਗੁਰੂ ਭਾਏ ਨਾਮ ਜਪ ਹੋਣ ਦੀ ਅਸਥੂਲ ਸਰੀਰ ਦੀ ਸੁਭਾਵਕ ਕਿਰਿਆ ਅਤੇ ਇਥੋਂ ਤੱਕ ਦੀ ਗੁਰੂ ਬਖਸ਼ਿਸ ਦੇ ਗੁਰਮਤਿ ਸੱਚ ਤੋਂ ਅਣਜਾਣ ਇਨਾਂ ਆਧੁਨਿਕ ਬੁਧ ਬਬੇਕ ਮਹਾ ਗਿਆਨੀ ਵਿਦਵਾਨਾਂ ਵਲੋਂ ਗੁਰੂ ਭਾਏ ਇਸ ਨਾਮ ਜਪਣ ਦੇ ਗੁਰਮਤਿ ਸੱਚ ਨੂੰ ਭੰਡਣਾਂ, ਪਹਿਲਾਂ ਹੀ ਸ਼ੁਰੂ ਕੀਤਾ ਹੋਇਆ ਹੈ।

**ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥**
**ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ ॥** (ਪੰਨਾ 89)

ਜੂਨ ਚੋਰਾਸੀ ਦੇ ਸ਼ਹੀਦਾਂ ਦੇ ਬੋਲ ਸ੍ਰੀ ਹਰਿਮੰਦਰ ਸਾਹਿਬ ਤੇ ਭਾਰਤੀ ਫੌਜ ਦਾ ਧਾਵਾ ਖਾਲਿਸਤਾਨ ਦਾ ਨੀਂਹ ਪੱਥਰ ਹੋਵੇਗਾ। ਇਨਾਂ ਗੁਰਸਿਖ ਸੂਰਿਆਂ ਵਲੋਂ ਅਪਣੀਆਂ ਸ਼ਹਾਦਤਾਂ ਦੁਆਰਾ ਖਾਲਸੇ ਦੇ ਅਜਾਦ ਦੇਸ਼ ਦਾ ਨੀਂਹ ਪੱਥਰ ਧਰ ਦੇਣਾਂ ਅਤੇ ਇਸ ਉਤੇ ਖਾਲਸੇ ਦੇ ਆਜਾਦ ਦੇਸ਼ ਦਾ ਮਹੱਲ ਉਸਾਰਨਾਂ, ਹਰ ਸਿਖ ਦੀ ਜ਼ਿਮੇਵਾਰੀ, ਹੁਕਮਨਾਮਾਂ-ਫੁਰਮਾਨ ਜਾਰੀ ਕਰ ਜਾਣ ਦੇ ਸੱਚ ਨੂੰ ਵਿਸਾਰਕੇ, ਬਿਪਰਨ ਤਖਤ ਦੀ ਗੁਲਾਮੀ ਨੂੰ ਸਵਿਕਾਰਕੇ, ਸਿਖਾਂ ਨੂੰ ਸਿਖ ਇਕੱਠ ਜਾਂ ਸਿਖ ਏਕਤਾ ਨਾਂ ਦੀ ਜਥੇਬੰਦੀ ਖੜੀ ਕਰ ਲੈਣੀਂ ਅਤੇ ਸਿਖਾਂ ਨੂੰ ਲੋਕਾਂ ਦੀ ਭਲਾਈ ਦੇ ਕੰਮਾਂ ਵਿਚ ਲਾ ਦੇਣਾਂ, ਇਸ ਨੂੰ ਦਾਨ ਦੇਣ, ਲੈਣ ਵਿਚ ਲਾ ਦੇਣਾਂ, ਉਨਾਂ ਦੇ ਕਿਸੇ ਹੋਰ ਹੱਕ ਲਈ ਕਾਨੂੰਨੀ ਮੱਦਦ ਲੈ ਖੜ੍ਹ ਜਾਣਾਂ ਅਤੇ ਹੁਣ ਨਵਾਂ, ਭੁਖਿਆਂ ਨੂੰ, ਲੋੜਵੰਦਾਂ ਨੂੰ ਜਾਂ ਆਮ ਨੂੰ ਖਾਣਾਂ ਖਲਾਉਣ ਲਈ ਸੜਕਾਂ ਤੇ ਆ ਜਾਣਾਂ। ਇਨਾਂ ਜਾਂ ਹੋਰ ਸਿਖ ਸਰੂਪ ਜਾਂ ਸਿਖ ਧਰਮ ਧਾਰਨੀਆਂ ਦੇ ਵੱਲੋਂ ਆਪਣੇ ਸ਼ਹੀਦਾਂ ਦੁਆਰਾ, ਕਰਤੇ ਕੀਤਾ, ਗੁਰੂ ਦੇ ਸਿਖਾਂ ਲਈ ਆਪਣਾਂ ਹੁਕਮ-ਫੁਰਮਾਣ, ਆਪਣੀ ਰਜਾ ਦਾ ਕਰਮ ਨਿਸਾਣ, ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਨੂੰ ਛੱਡਕੇ, ਤਿਆਗਕੇ, ਭਲਾਈ ਦੇ, ਦਾਨ ਦੇ ਕੀਤੇ ਕੰਮਾਂ ਦਾ ਸੱਚ ਮਤਲਬ, ਇਸ ਗੁਰਸਿਖ ਕਾਫਲੇ ਲਈ ਇਹ ਹੈ ਕਿ ਇਨਾਂ ਦੇ ਭਲਾਈ ਜਾਂ ਦਾਨ ਕੰਮ, ਜਿਨਾਂ ਲੋੜਵੰਦਾਂ ਨੂੰ ਚੰਗੇ ਪਹੁੰਚੇ, ਉਨਾਂ ਨੇ ਅਜਿਹਾ ਚੰਗਾ ਜਾਂ ਤਾਂ ਇਨਾਂ ਲਈ ਪਹਿਲੋਂ ਹੀ ਕਦੇ ਕੀਤਾ ਹੋਇਆ ਹੈ ਜੋ ਇਹ ਮੋੜ ਰਹੇ ਹਨ ਜਾਂ ਇਹ ਆਪਣੇ ਲਈ ਇਸ ਦਾ ਮੁੜਨ ਫਲ ਅਗਾਉਂ ਕਰ ਰਹੇ ਨੇ। ਜਿਨਾਂ ਸਚਮੁਚ ਭੁੱਖਿਆਂ ਨੂੰ, ਲੋੜਵੰਦਾਂ ਨੂੰ ਲੱਭਕੇ ਖਾਣਾਂ ਖੁਆ ਦੇਣਾਂ, ਉਨਾਂ ਜਾਂ ਤਾਂ ਇਨਾਂ ਲਈ ਕਦੇ ਅਜਿਹਾ ਕੀਤਾ ਹੋਵੇਗਾ ਜੋ ਇਹ ਮੋੜ ਰਹੇ ਨੇ ਜਾਂ ਕਦੇ ਆਪ ਭੁਖੇ ਹੋਣ ਸਮੇਂ, ਆਪਣੇ ਲਈ ਮੁੜਨ ਫਲ ਕਰ ਰਹੇ ਨੇ। ਪਰ ਗੁਰੂ ਦਾ ਸਪਸ਼ਟ ਫੁਰਮਾਨ ਹੈ ਕਿ ਤੁਸਾਂ ਦੇ ਇਨਾਂ ਭਲਾਈ ਦਾਨ ਕੰਮਾਂ ਨੇ ਤੁਸਾਂ ਨੂੰ ਜੰਮ ਜੂਨਾਂ ਦੇ ਨਰਕ ਤੋਂ ਛੁਟਕਾਰਾ ਨਹੀ ਦੁਆ ਦੇਣਾ।

**ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥**
**ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥** (ਪੰਨਾ 642)

ਖਾਲਸਾ ਪੰਥ ਨਾਲ ਬਿਪਰਨ ਵਲੋਂ ਕੀਤੀ ਨੂੰ ਅਤੇ ਇਸ ਦੁਆਰਾ ਜੂਨ ਚੌਰਾਸੀ ਤੋਂ ਖਾਲਸਾ ਪੰਥ ਲਈ, ਕਰਤੇ ਰੱਬ ਦਾ ਹੁਕਮ, ਰਜਾ ਫੁਰਮਾਨ, ਖਾਲਸੇ ਦੇ ਆਜਾਦ ਦੇਸ ਦੀ ਉਸਾਰੀ ਹੀ ਖਾਲਸਾ ਪੰਥ ਦੀ ਹੱਕ ਮੰਗ ਕਲਮਬੰਦ ਕਰਕੇ, ਇਸ ਨੂੰ ਸੰਸਾਰ ਚਾਲਕਾਂ ਨਾਲ ਅਤੇ ਸੰਸਾਰਕ ਭਾਈਚਾਰੇ ਨਾਲ ਸਾਂਝਾ ਕਰਨਾਂ, ਇਸ ਲਈ ਹਮਾਇਤ ਦੀ ਅਪੀਲ ਕਰਨਾਂ, ਸ਼ਾਂਤਚਿਤ ਪੰਥ ਦੀ

ਆਜਾਦੀ ਲਈ ਸੰਘਰਸ਼ ਕਰਨ ਵਾਲਿਆਂ ਨੂੰ ਹਕੂਮਤੀ ਤਾਕਤ ਨਾਲ ਕੁਚਲਣ ਵਾਲਿਆਂ ਨੂੰ ਅੰਤਰਰਾਸ਼ਟਰੀ ਅਦਾਲਤ ਵਿਚ ਇਹ ਇਨਸਾਨੀ ਘਾਤ ਕਰਨ ਵਾਲਿਆਂ ਨੂੰ ਸਜਾ ਲਈ ਖੜ੍ਹਾ ਕਰਨਾਂ, ਆਪ ਆਪਣੇ ਖਾਲਸੇ ਦੇ ਦੇਸ਼ ਦੀ ਉਸਾਰੀ ਲਈ ਅਡੋਲ ਤੁਰਿਓ ਰਹਿਣਾਂ ਅਤੇ ਜਹਾਨੋਂ ਜਾਣਾਂ ਹੀ ਇਕ ਨਾ ਇਕ ਦਿਨ ਆਪਣੇ ਸਿਰਜਣਹਾਰ ਕਰਤੇ ਦਾ ਦੁਆਰਾ ਪਾ ਲੈਣ ਲਈ ਗੁਰੂ ਨਾਲ ਮਿਲਿਓ, ਜਹਾਨੋਂ ਜਾਣਾਂ, ਅੱਜ ਗੁਰਸਿਖ ਦਾ, ਗੁਰੂ ਵਲੋਂ ਕੀਤਾ ਕਰਮ ਨਿਸਾਣ ਹੈ।

ਕਹਿਣੀ ਗੁਰੂ ਦੀ ਅਤੇ ਕਰਣੀ ਆਪਣੀ ਕਰਕੀ ਅਮਲੀ ਜੀਵਨ ਵਿਚ ਗੁਰੂ ਹੁਕਮਾਂ ਅਤੇ ਗੁਰੂ ਵਲੋਂ ਚਾਲੂ ਪਵਿਤ੍ਰ ਸਿਧਾਂਤਾਂ ਉਤੇ ਕਾਇਮ ਪ੍ਰੰਮਪਰਾਵਾਂ ਨੂੰ ਮਾੜੀਆਂ ਐਲਾਨਕੇ, ਆਧੁਨਿਕਤਾ ਦੇ ਨਾਮ ਉਤੇ, ਗੁਰੂ ਘਰਾਂ ਵਿਚ ਕੁਰਸੀਆਂ ਮੇਜਾਂ ਤੇ ਲੱਗਰ ਸ਼ਕਾਉਣ ਅਤੇ ਇਸ ਦੀ ਹਮੈਤ ਕਰਨ ਵਾਲੇ ਤਾਂ ਸਿਖ ਵੀ ਨਹੀ, ਸਿਖ ਵਿਦਵਾਨ ਕਿਥੋਂ ਹੋ ਗਏ ਜੋ ਪੰਥ ਪ੍ਰਤੀ ਫੈਸਲਾ ਲੈ ਸਕਣ ਅਤੇ ਉਸ ਦੇ ਸਹੀ, ਜਾਇਜ ਹੋਣ ਦਾ ਢੰਡੋਰਾ ਪੱਟਣ ਲੱਗ ਪੈਣ। ਜੋ ਉਪਾਹਜ ਜਾਂ ਬਜੁਰਗ ਪੰਦਰਾਂ-ਬੀਹ ਮਿੰਟ, ਪੰਗਤ ਵਿਚ ਥੱਲੇ ਬਹਿਕੇ ਲੰਗਰ ਸ਼ਕ ਸਕਣ ਤੋਂ ਅਸਮਰੱਥ ਹੈ, ਉਹ ਘਿੰਟਿਆਂ ਬੱਧੀ ਗੁਰੂ ਦਰਬਾਰ ਸੰਗਤ ਵਿਚ ਬੈਠ ਸਕਣ ਦੇ ਸਮਰੱਥ ਕਿਥੋਂ ਹੋਇਆ। ਹਰ ਗੁਰੂ ਘਰ ਵਿਚ ਕੋਈ ਵੱਖਰਾ ਕਮਰਾ ਹੋਣਾਂ ਜਿਥੇ ਇਹ ਗੁਰੂ ਪਿਆਰੇ ਗੁਰੂ ਦਰਬਾਰ ਹਾਜਰੀ ਲੁਆਕੇ, ਜਿਵੇਂ ਚਾਹੁਣ ਆਰਾਮ ਦਾਇਕ ਆ ਬੈਠ ਸਕਣ, ਸਕਰੀਨ ਤੇ ਗੁਰੂ ਦਰਵਾਰ ਹੋ ਰਹੀ ਕਾਰਵਾਈ ਨੂੰ ਵੇਖ ਸਕਣ ਅਤੇ ਇਥੇ ਹੀ ਪਰਸ਼ਾਦਾ ਸ਼ਕ ਸਕਣ, ਦਾ ਫੈਸਲਾ ਹੀ ਗੁਰਸਿਖਾਂ ਦਾ ਫੈਸਲਾ ਹੋ ਸਕਦਾ ਹੈ। ਇਸ ਤੋਂ ਸਿਵਾ ਕੁਸੀਆਂ ਮੇਜਾਂ ਤੇ ਲੱਗਰ ਸ਼ਕਣ ਅਤੇ ਸ਼ਕਾਉਣ ਵਾਲਿਆਂ ਅਤੇ ਇਨਾਂ ਦੇ ਹਮੈਤੀਆਂ ਵੱਲੋਂ ਆਪਣੇ ਤੰਦਰੁਸਤ ਹੋਣ ਦੇ ਬਾਵਜੂਦ, ਆਪਣੇ ਆਪਨੂੰ ਝੂਠ, ਪਖੰਡ ਦੇ ਆਸਰੇ, ਗੁਰੂ ਅੱਗੇ ਨਕਲੀ, ਉਪਾਹਜ ਜਾਂ ਬਜੁਰਗ ਐਲਾਨ ਲਿਆ ਹੈ ਅਤੇ ਕੁਸੀਆਂ ਮੇਜਾਂ ਤੇ ਲੱਗਰ ਸ਼ਕਣ ਅਤੇ ਸ਼ਕਾਉਣ ਦਾ ਹੱਕ ਸ਼ੈਤਾਨ ਰੂਪ ਹੋਕੇ ਗੁਰੂ ਤੋਂ ਜਬਰੀਂ ਖੋਹ ਲਿਆ, ਸਾਬਤ ਕਰ ਦਿੱਤਾ ਹੈ। ਯਾਦ ਰਹੇ ਜਿੰਨਾਂ ਤੰਦਰੁਸਤਾਂ, ਗੁਰੂ ਤੋਂ ਅਪਾਹਜ ਹੋਣਾਂ ਜਬਰੀ ਲੈ ਲਿਆ, ਜਮ ਜੂਨਾਂ ਦੇ ਨਰਕ ਵਿਚ ਇਹ ਅਪਾਹਜਪੁਣਾਂ ਹੀ ਇਨਾਂ ਦੇ ਪੱਲੇ ਰਹੇਗਾ, ਜੇ ਇਹ ਆਪਣੀ ਇਸ ਕਮੀਨੀ ਨੂੰ ਦਰੁਸਤ ਕਰਕੇ ਅਤੇ ਇਸ ਦੀ ਗੁਰੂ ਤੋਂ ਭੁੱਲ ਬਖਸ਼ਾਕੇ, ਇਸ ਸੰਸਾਰ ਤੋਂ ਨਹੀਂ ਜਾਂਦੇ।

**ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥** (ਪੰਨਾ 360)

ਇਸ ਕਾਫਲੇ ਲਈ, ਉਹ ਪ੍ਰਾਣੀ, ਸ਼ਕਲੋਂ ਸਿਖ ਹੈ ਜਾਂ ਅਸਿਖ, ਅੰਮ੍ਰਿਤਧਾਰੀ ਜਾਂ ਨ ਅੰਮ੍ਰਿਤਧਾਰੀ, ਜਿਸ ਵੱਲੋਂ ਵੀ ਆਪਣਾਂ ਨਾਮ ਸਿੰਘ ਧਰਾਕੇ, ਸਿਖ ਸਰੂਪ ਧਾਰਕੇ, ਆਪਣੇ ਆਪਨੂੰ ਸਿਖ ਧਰਮ ਭਾਵ ਸ਼ਬਦ ਗੁਰੂ ਦੇ ਹੋਣ ਜਾਂ ਇਕ ਦਿਨ ਹੋਣ ਵਾਲਿਆਂ ਵਜੋਂ ਸੰਸਾਰ ਤੇ ਵਿਚਰਿਆ ਜਾ ਰਿਹਾ ਹੈ, ਜੇ ਕਿਸੇ ਜਹਾਨੋਂ ਗੁਰੂ ਵਾਲੇ ਹੋਏ ਰਹਿਣਾਂ ਹੈ, ਜਹਾਨੋਂ ਗੁਰੂ ਵਾਲੇ ਹੋਏ ਜਾਣਾਂ ਹੈ ਅਤੇ ਜਾਣ ਮਗਰੋਂ ਵੀ ਗੁਰੂ ਵਾਲੇ ਹੋਕੇ, ਗੁਰੂ ਨਾਲ ਜੁੜੇ ਰਹਿਣਾਂ ਹੈ ਤਾਂ ਉਸ ਨੂੰ, ਉਹ ਜਿਥੇ ਵੀ ਹੈ, ਕਿਸੇ ਗੁਰੂਘਰ, ਗੁਰੂ ਦੇ ਸਨਮੁਖ ਹੋਕੇ ਜਾਂ ਕਿਤਿਓਂ ਵੀ ਗੁਰੂ ਨੂੰ ਸਨਮੁਖ, ਹਾਜਰ ਨਾਜਰ ਜਾਣਦਿਆਂ, ਗੁਰੂ ਨਾਲ ਅੱਜ ਤੋਂ ਚੰਗਾ ਹੀ ਕਰਨ ਅਤੇ ਸਭ ਇਨਸਾਨ ਜਾਤੀ ਨੂੰ ਇਕ ਪਿਤਾ ਦੀ ਬਰਾਬਰ ਭਾਈਵਾਲ ਬਾਰਕ ਸੰਤਾਨ, ਨਾ ਵਿਸਾਰਨ ਦੇ ਪ੍ਰਣ ਨਾਲ ਗੁਰੂ ਨਾਲ ਇਹ ਇਕਰਾਰ ਵੀ ਕਰਨਾਂ ਹੀ ਪਵੇਗਾ ਕਿ ਅੱਜ ਤੋਂ ਜੂਨ ਚੋਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਦੇਸ਼ ਦੀ ਉਸਾਰੀ ਦੇ ਹੁਕਮਨਾਮੇ ਨੂੰ ਉਹ ਆਪਣੇ ਲਈ ਆਪਣੇ ਗੁਰੂ ਦਾ, ਆਪਣੇ ਕਰਤਾ ਪੁਰਖ ਦਾ ਹੁਕਮ, ਰਜਾ ਅਤੇ ਅੱਜ ਦਾ ਉਤਮ ਕਰਮ ਨਿਸ਼ਾਨ ਹੀ ਸੱਚ ਜਾਣਦਾ ਹੈ ਅਤੇ ਅੱਜ ਤੋਂ ਇਸ ਸਚ ਮੁਤਾਬਕ ਖਾਲਸੇ ਦੇ ਦੇਸ਼ ਦੀ ਉਸਾਰੀ ਲਈ ਬਿਪਰਨ ਤਖਤ ਅੱਗੇ ਬੋਲਾਂ ਦੁਆਰਾ ਬਗਾਵਤ ਅਤੇ ਇਸ ਬਗਾਵਤ ਮੁਤਾਬਕ ਅੱਜ ਤੋਂ ਆਪਣੇ ਕਰਮ ਕਰਦਾ ਹੈ। ਪਰਖ ਹੋਣ ਵੇਲੇ ਗੁਰੂ ਨਾਲ ਕੀਤੇ ਇਹ ਪ੍ਰਣ, ਇਕਰਾਰ, ਹਰ ਬਿਪਰਣ ਨੂੰ ਸੱਚ ਸਣਾਉਣ ਵਾਲਾ ਅਤੇ ਇਸ ਸੱਚ ਤੇ ਹੀ ਅਡੋਲ ਪਹਿਰੇ ਦੀ ਜਿਤ ਨਾਲ ਸੰਸਾਰ ਤੋਂ ਜਾਣ ਵਾਲਾ ਵਡਭਾਗੀ, ਆਪਣੇ ਜਿੰਦਾ, ਜਾਗਦੇ, ਵੇਖਦੇ ਸੁੱਣਦੇ ਗੁਰੂ ਤੋਂ ਸਿਵਾਏ, ਹੋਰ ਕਿਸੇ ਨੂੰ ਨਾ ਦੱਸੇ, ਨਾ ਲਿਖੇ ਹੀ ਖਾਲਸਾ ਪੰਥ ਦੇ ਵਾਰਸ ਇਸ ਗਰੁਸਿਖ ਕਾਫਲੇ ਵਿਚ ਸ਼ਾਮਿਲ ਹੋ ਜਾਣ ਵਾਲਾ ਅਤੇ ਜਹਾਨੋਂ ਗੁਰੂ ਲੜ ਲੱਗਿਆ ਜਾਣ ਵਾਲਾ ਹੈ। ਹਾਂ ਇਨਾਂ ਵਿਚੋਂ ਇਸ ਗੁਰਸਿਖ ਕਾਫਲੇ ਦੀ ਦੁਨਿਆਵੀ ਵਾਗਡੋਰ ਅਤੇ ਅਗਵਾਈ ਦੀ ਜਿਮੇਵਾਰੀ ਨੂੰ ਸੰਭਾਲਣ ਲਈ ਨਿਤਰਨ ਵਾਲਾ ਸਾਡੇ ਗੁਰੂ ਦਾ ਪਿਆਰਾ, ਉਹ ਹੀ ਹੋ ਸਕਦਾ ਹੈ, ਜਿਸ ਵਲੋਂ ਗੁਰੂ ਨਾਲ ਉਪਰ ਕੀਤੇ ਪ੍ਰਣ-ਇਕਰਾਰ-ਐਲਾਨਨਾਲੇ ਨੂੰ ਲਿਖਤੀ, ਇਸ ਕਾਫਲੇ ਕੋਲ ਕਰ ਦਿੱਤਾ ਹੈ ਅਤੇ ਵਿਚਾਰਾਂ ਲਈ ਇਸ ਕਾਫਲੇ ਨਾਲ ਲਿਖਤੀ ਸੰਪਰਕ ਜੋੜ ਲਿਆ।

**ਜਿਨਿ ਪ੍ਰੀਤਿ ਲਾਈ ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ ॥**
**ਹਉ ਕੁਰਬਾਨੀ ਗੁਰ ਆਪਣੇ ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ ॥** (ਪੰਨਾ 167)
**ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥**
**ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥** (ਪੰਨਾ 168)

ਜਿਨ੍ ਸਿਉ ਧੜੇ ਕਰਹਿ ਸੇ ਜਾਹਿ ॥ ਝੂਠੁ ਧੜੇ ਕਰਿ ਪਛੋਤਾਹਿ ॥ ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥ ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥੨॥ ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥ ਮਾਇਆ ਕਉ ਲੂਝਹਿ ਗਾਵਾਰੀ ॥ ਜਨਮਿ ਮਰਹਿ ਜੂਐ ਬਾਜੀ ਹਾਰੀ ॥ ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥ (ਪੰਨਾ 366)

ਤੇਰੇ ਸੇਵਕ ਕਉ ਕਿਸ ਕੀ ਕਾਨਿ ॥ ਸਾਕਤੁ ਭੂਲਾ ਫਿਰੈ ਬੇਬਾਨਿ ॥ (ਪੰਨਾ 372)

ਜਗ ਮੋਹਨੀ ਹਮ ਤਿਆਗਿ ਗਵਾਈ ॥ ਨਿਰਗੁਨੁ ਮਿਲਿਓ ਵਜੀ ਵਧਾਈ ॥ (ਪੰਨਾ 392)

ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ (ਪੰਨਾ 394)

ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ ॥
ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥ (ਪੰਨਾ 450)

ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥ ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥ (ਪੰਨਾ 479)

ਜਿਤੁ ਕਾਰੈ ਕੰਮਿ ਹਮ ਹਰਿ ਲਾਏ ॥ ਸੋ ਹਮ ਕਰਹ ਜੁ ਆਪਿ ਕਰਾਏ ॥ (ਪੰਨਾ 494)

ਸੋਈ ਕਰਾਇ ਜੋ ਤੁਧੁ ਭਾਵੈ ॥ ਮੋਹਿ ਸਿਆਣਪ ਕਛੂ ਨ ਆਵੈ ॥
ਹਮ ਬਾਰਿਕ ਤਉ ਸਰਣਾਈ ॥ ਪ੍ਰਭਿ ਆਪੇ ਪੈਜ ਰਖਾਈ ॥ (ਪੰਨਾ 626)

ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ॥ ਪਾਰਬ੍ਰਹਮ ਪਰਮੇਸਰ ਸਤਿਗੁਰ ਹਮ ਬਾਰਿਕ ਤੁਮ੍ ਪਿਤਾ ਕਿਰਪਾਲ ॥ (ਪੰਨਾ 828)

ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥ (ਪੰਨਾ 1136)

ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥ (ਪੰਨਾ 1159)

ਹਮ ਮੂੜ ਮੁਗਧ ਕਿਛੁ ਬੂਝਹਿ ਨਾਹੀ ਤੂ ਆਪੇ ਦੇਹਿ ਬੁਝਾਈ ॥
ਜੋ ਤੁਧੁ ਭਾਵੈ ਸੋਈ ਕਰਸੀ ਅਵਰੁ ਨ ਕਰਣਾ ਜਾਈ ॥ (ਪੰਨਾ 1155)

ਹਮ ਬਾਰਿਕ ਗੁਰ ਅਗਮ ਗੁਸਾਈ ਗੁਰ ਕਰਿ ਕਿਰਪਾ ਪ੍ਰਤਿਪਾਲ ॥
ਬਿਖੁ ਭਉਜਲ ਡੁਬਦੇ ਕਾਢਿ ਲੇਹੁ ਪ੍ਰਭ ਗੁਰ ਨਾਨਕ ਬਾਲ ਗੁਪਾਲ ॥ (ਪੰਨਾ 1335)

ਅਗਮ ਦਇਆਲ ਕ੍ਰਿਪਾ ਪ੍ਰਭਿ ਧਾਰੀ ਮੁਖਿ ਹਰਿ ਹਰਿ ਨਾਮੁ ਹਮ ਕਹੇ ॥
ਪਤਿਤ ਪਾਵਨ ਹਰਿ ਨਾਮੁ ਧਿਆਇਓ ਸਭਿ ਕਿਲਬਿਖ ਪਾਪ ਲਹੇ ॥ (ਪੰਨਾ 1336)

ਹਮ ਬਾਰਿਕ ਸਰਨਿ ਪ੍ਰਭ ਦਇਆਲ ॥
ਅਵਗਣ ਕਾਟਿ ਕੀਏ ਪ੍ਰਭਿ ਅਪੁਨੇ ਰਾਖਿ ਲੀਏ ਮੇਰੈ ਗੁਰ ਗੋਪਾਲਿ ॥ (ਪੰਨਾ 1338)

ਇਸ ਗੁਰਸਿਖ ਕਾਫਲੇ ਵਿਚ ਸ਼ਾਮਿਲ ਅਤੇ ਅਗਵਾਈ ਕਰ ਰਹੀਆਂ ਸੰਗਤਾਂ ਦੇ ਨਾਵਾਂ ਤੋਂ ਆਕਾਲ ਪੁਰਖ ਜਾਣੀ ਜਾਣ ਹੀ ਹਨ। ਜਿਨਾਂ ਨੂੰ ਕਦੋਂ ਅਤੇ ਕਿਸ ਰੂਪ ਵਿਚ ਨਸ਼ਰ ਕਰਨਾਂ, ਵੀ ਗੁਰੂ ਆਸਰੇ ਅਕਾਲ ਪੁਰਖ ਦੇ ਹੀ ਬੱਸ ਹੈ।

ਕੋਈ ਇਮਤਿਹਾਨ ਵੇਲੇ ਪਹਿਲੋਂ ਹੀ ਗੁਰੂ ਨੂੰ ਦਿੱਤੇ, ਪੰਥ ਦੀ ਆਜਾਦੀ ਲਈ ਖੜ੍ਹਨ ਵਾਲੇ ਹੋਣ ਦੇ ਪ੍ਰਣ ਮੁਤਾਬਕ ਸੱਚ ਕਹਿ ਗਿਆ, ਨਸ਼ਰ ਹੋ ਗਿਆ। ਕੋਈ ਗੁਰੂ ਨੂੰ ਦਿੱਤੇ ਇਸੇ ਪ੍ਰਣ ਮੁਤਾਬਕ ਕਰਮਾਂ ਕਰਕੇ, ਨਸ਼ਰ ਹੋ ਗਿਆ। ਜੋ ਰਹਿ ਗਿਆ, ਉਹ ਸੰਸਾਰ ਤੇ ਆਪਣੀ ਵਸੀਅਤ ਆਪਣੇ ਪਰਵਾਰ, ਆਪਣੇ ਰਿਸ਼ਤੇਦਾਰਾਂ ਅਤੇ ਪੰਥ ਦੇ ਨਾਂ ਰੱਖ ਸਕਦਾ ਹੈ ਕਿ ਉਸ ਲਈ ਸੰਸਾਰ ਤੇ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸਾ ਪੰਥ ਦੇ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ ਹੀ ਉਸ ਲਈ ਗੁਰੂ-ਕਰਤੇ ਦਾ ਹੁਕਮ ਰਜਾ ਫੁਰਮਾਨ ਰਿਹਾ ਹੈ ਅਤੇ ਸੰਸਾਰੋਂ ਜਾਣ ਮਗਰੋਂ ਵੀ ਗੁਰੂ ਕਿਰਪਾ ਇਸ ਮਨ-ਚੇਤਨਾਂ ਨੂੰ ਕਰਤੇ ਦਾ ਨਾਮ ਅਤੇ ਇਹ ਫੁਰਮਾਨ ਯਾਦ ਰਹੇ।

ਇਹ ਹੈ ਉਹ ਕਾਫਲਾ ਜਿਸ ਦਾ ਕਾਦਰ ਦੇ ਨਿਆਂ ਨਿਯਮਾਂ ਅਨੁਸਾਰ ਕਿਸੇ ਸਵਿਧਾਨ ਅਤੇ ਕਾਨੂੰਨ ਨਾਲ ਕੋਈ ਮਤਿਭੇਦ ਨਹੀਂ। ਪਰ ਜੋ ਕਾਦਰ ਦੇ ਨਿਆਂ ਨਿਯਮਾਂ ਦੇ ਉਲਟ ਕਿਸੇ ਵੀ ਕਾਨੂੰਨ ਨੂੰ, ਸਵਿਧਾਨ ਨੂੰ ਰੱਦ ਕਰਦਾ, ਨਾ ਸਵਿਕਾਰ ਕਰਦਾ, ਸੱਚ-ਕਾਰਣ ਸੁਣਾਉਂਦਾ ਅਤੇ ਇਸ ਸੱਚ ਸੁਣਾਉਣ ਬਦਲੇ ਮੁਕਰਰ ਸਜਾ ਨੂੰ ਅਪਣੇ ਲਈ ਕਰਤੇ ਦਾ ਭਾਣਾਂ, ਰਜਾ, ਹੁਕਮ ਜਾਣਦਾ ਅਤੇ ਖਿੜੇ ਮੱਥੇ ਸਵਿਕਾਰਦਾ। ਇਸ ਕਦਰ ਹਰ ਰੋਜ ਦੇ ਨਿਤਨੇਮ ਵਿਚ ਕਰਤੇ ਨਾਲ ਕੀਤੇ ਪ੍ਰਣ ਨੂੰ ਆਖਰੀ ਸਾਹਾਂ ਤੱਕ ਨਿਭਾਂਦੇ, ਆਪਣੇ ਸਿਰਜਣਹਾਰ ਰੱਬ ਕਰਤਾ ਪੁਰਖ ਨੂੰ ਹੀ ਆਪਣਾਂ ਸਾਹਿਬ ਜਾਨਣ ਅਤੇ ਇਸੇ ਸਾਹਿਬ ਰੱਬ ਦੇ ਹੀ ਗੁਣ ਗਾਉਣ ਵਾਲਾ।

ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ ॥
ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥ (ਪੰਨਾ 795)

**ਸਗਲ ਤਿਆਗਿ ਗੁਰ ਸਰਣੀ ਆਇਆ ਰਾਖਹੁ ਰਾਖਨਹਾਰੇ ॥**
**ਜਿਤੁ ਤੂ ਲਾਵਹਿ ਤਿਤੁ ਹਮ ਲਾਗਹ ਕਿਆ ਏਹਿ ਜੰਤ ਵਿਚਾਰੇ ॥** (ਪੰਨਾ 750)

ਇਹ ਹੈ ਉਹ ਗੁਰਸਿਖ ਕਾਫਲਾ, ਜੋ ਜੂਨ ਚੋਰਾਸੀ ਦੇ ਸ਼ਹੀਦਾਂ ਨੂੰ, ਉਨਾਂ ਦੇ ਸ਼ਹੀਦੀ ਦਿਨ ਤੋਂ ਪਹਿਲੋਂ ਹੀ ਭਾਵੇਂ ਸਨਮੁਖ ਨਾ ਹੋਕੇ ਪਰ ਅਧਿਅਤਮਕ ਤੌਰ ਤੇ ਇਹ ਪ੍ਰਣ ਦੇ ਚੁੱਕਾ ਸੀ ਕਿ ਅਸੀਂ ਉਨਾਂ ਵਲੋਂ ਦਿਤੀਆਂ ਸ਼ਹੀਦੀਆਂ ਦੁਆਰਾ, ਧਰੇ ਨੀਂਹ ਪੱਥਰ ਤੇ ਖਾਲਸੇ ਦੇ ਆਜਾਦ ਦੇਸ਼ ਦਾ ਮਹੱਲ ਉਸਾਰਾਂਗੇ।

ਇਹ ਕਾਫਲਾ ਖਾਲਸੇ ਦੇ ਆਜਾਦ ਦੇਸ਼ ਦੀ ਜੂਨ ਚੌਰਾਸੀ ਦੇ ਸ਼ਹੀਦਾਂ ਵਲੋਂ ਧਰੀ ਨੀਂਹ ਤੇ ਆਪਣੇ ਗੁਰੂ ਦੇ ਹੁਕਮੀਂ, ਆਜਾਦੀ ਦਾ ਮਹੱਲ ਉਸਾਰਨ ਲਈ ਸ਼ਾਂਤਚਿਤ ਜਾਂ ਰਣ ਤੱਤੇ ਵਿਚ ਸ਼ਹੀਦ ਹੋ ਗਏ ਸੂਰੇ ਸਿੰਘ ਆਤਮਾਵਾਂ ਨੂੰ ਪ੍ਰਨਾਮ ਕਰਦਾ ਹੈ ਅਤੇ ਸੰਸਾਰ ਤੇ ਕਿਤੇ ਵੀ ਜੂਨ ਚੌਰਾਸੀ ਦੇ ਸ਼ਹੀਦਾਂ ਦੀ ਯਾਦ ਵਿਚ ਗੁਰੂ ਹਜੂਰ ਜੁੜੀ ਸੰਗਤ ਨੂੰ ਸਪਸ਼ਟ ਕਰਦਾ ਹੈ ਕਿ ਇਹ ਉਨਾਂ ਗੁਰਸਿਖਾਂ ਦਾ ਕਾਫਲਾ ਹੈ ਜਿਸ ਦੀ ਬਿਪਰਨ ਤਖਤ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਕੀਤੇ ਫੋਜੀ ਧਾਵੇ ਅਤੇ ਸਿਖ ਕਤਲੇਆਮੇ ਦੁਆਰਾ ਪੱਤ ਲਾਹੀ ਜਾ ਚੁੱਕੀ ਹੈ। ਜਿਨਾਂ ਦਾ ਸੱਭ ਖਾਣਾਂ ਹਰਾਮ ਹੈ। ਜਿਨਾਂ ਲਈ ਖਾਣਾਂ ਹਲਾਲ, ਲੱਥੀ ਪੱਤ ਦੀ ਮੁੜ ਬਹਾਲੀ, ਖਾਲਸਾ ਪੰਥ ਦੇ ਆਜਾਦ ਦੇਸ਼ ਦੀ ਉਸਾਰੀ ਨਾਲ ਹੀ ਹੋ ਸਕਣੀ ਹੈ। ਜਿਨਾਂ ਦਾ ਮੰਨ ਕਰਤੇ ਦੀ ਇਬਾਦਤ ਵਿਚ ਪੂਰਨ ਇਕਾਗਰਤਾ ਨਾਲ ਖਾਲਸਾ ਪੰਥ ਦੇ ਆਜਾਦ ਦੇਸ਼ ਦੀ ਉਸਾਰੀ ਦੇ ਹੁਕਮਨਾਮੇ ਨੂੰ ਅਮਲੀ ਜਾਮਾਂ ਪਹਿਨਾਉਣ ਮਗਰੋਂ ਹੀ ਜੁੜ ਸਕਣਾਂ ਹੈ।

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥** (ਪੰਨਾ 534)
**ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿਖ ਸਭੈ ਕਰਤਾਰਾ ॥** ਪਾ: ੧੦॥ ਕਬਿਯੋਬਾਚ ਬੇਨਤੀ ॥ ਚੌਪਈ ॥

ਇਹ ਗੁਰੂ ਦਾ ਨਿਮਾਣਾਂ ਗੁਰਸਿਖ ਕਾਫਲਾ ਜੂਨ ਚੌਰਾਸੀ ਦੇ ਸਹੀਦਾਂ ਦੀ ਅਗਵਾਈ ਕਰਨ ਵਾਲੇ ਅਪਣੇ ਪਿਆਰੇ ਸੰਤ, ਭਗਤ ਖਾਲਸੇ, ਸੂਰੇ ਜਰਨੈਲ, ਸ਼ਹੀਦ ਜਰਨੈਲ ਸਿੰਘ ਜੀ ਭਿੰਡਰੇਵਾਲੇ ਅਤੇ ਉਨਾਂ ਦੀ ਅਗਵਾਈ ਵਿਚ, ਦਰ ਚੜ੍ਹ ਆਈ ਬਿਪਰਨ ਦਿਲੀ ਤਖਤ ਦੀ ਧਾੜਵੀ ਫੌਜ ਨਾਲ ਸੂਰੇ ਹੋ ਲੋਹਾ ਖੜਕਾਉਂਦਿਆਂ ਸ਼ਹੀਦੀਆਂ ਦੇ ਜਾਮ ਪੀਕੇ ਖਾਲਸੇ ਦੇ ਆਜਾਦ ਦੇਸ਼ ਦਾ ਨੀਂਹ ਪੱਥਰ ਧਰ ਗਏ ਸਮੂਹ ਸ਼ਹੀਦਾਂ ਨੂੰ ਪ੍ਰਨਾਮ ਕਰਦਾ ਹੈ ਜੋ ਆਪਣੀਆਂ ਸ਼ਹਾਦਤਾਂ ਨਾਲ ਪਹਿਲੋਂ ਹੀ ਮਾਜੂਦ ਇਕ ਗੁਰੂ ਲਿਖਤ ਉਤੇ ਸੱਚ ਹੋਣ ਦੀ ਮੋਹਰ ਲਾ ਕੇ, ਖਾਲਸਾ ਪੰਥ ਨੂੰ ਗੁਰੂ ਗਿਆਨ ਦੀ ਬਖਸ਼ਿਸ਼ ਪ੍ਰਾਪਤੀ ਦੇ ਕਾਵਲ ਵੀ ਕਰਕੇ ਗਏ ਨੇ।

ਇਹ ਹੈ ਗੁਰੂ ਦੇ ਨਿਮਾਣੇ ਸਿਖਾਂ ਦਾ ਕਾਫਲਾ , ਜਿਸ ਦੀ ਅਗਵਾਈ ਗੁਰੂ ਆਸਰੇ ਲਾਲੋਂ ਕਿਆਂ ਚੋਂ ਹੀ ਅੰਮ੍ਰਿਤਧਾਰੀ ਗਰੁਸਿਖਾਂ ਵਲੋਂ 19 ਮਾਰਚ 2009 ਤੋਂ ਸੰਭਾਲ ਲਈ ਹੈ ਅਤੇ ਅਧਿਆਤਮਕ ਤੌਰ ਤੇ ਗੁਰੂ ਅਸਰੇ ਜੋ ਉਤਮ ਹੋਣਾਂ ਬਣਦਾ ਸੀ, ਉਹ ਅਰਦਾਸ ਜੋੜਦੀ ਹੋ ਚੁੱਕੀ ਹੈ। ਜਿਸ ਦੁਆਰਾ, ਇਸ ਗੁਰਸਿਖ ਕਾਫਲੇ ਨੇ ਆਪਣੇ ਜਿੰਦਾ ਜੀਆ ਅਪਣੇ ਗੁਰੂ ਆਸਰੇ ਆਪਣੇ ਸਿਰਜਣਹਾਰ ਪਿਤਾ ਕਰਤਾ ਪੁਰਖ ਨਾਲ ਜੁੜੇ ਰਹਿਣਾਂ ਹੈ ਅਤੇ ਇਸ ਜਹਾਨੋਂ ਜਾਣ ਮਗਰੋਂ ਵੀ ਆਪਣੇ ਗੁਰੂ ਦੁਆਰਾ, ਗੁਰੂ ਆਸਰੇ ਆਪਣੇ ਸਿਰਜਣਹਾਰ ਪਿਤਾ ਕਰਤਾ ਪੁਰਖ ਨਾਲ, ਉਸ ਦੇ ਅਗਲੇ ਹੁਕਮਾਂ ਦੀ ਪਾਲਣਾਂ ਲਈ ਜੁੜੇ ਰਹਿਣਾਂ ਹੈ।

**ਇਕੋ ਮੰਜ਼ਿਲ ਦੀ ਪ੍ਰਾਪਤੀ ਲਈ ਤੁਰਿਓ ਗੁਰਸਿਖਾਂ ਦੇ ਦੋ ਕਾਫਲਿਆਂ ਚੋਂ ਦੂਜਾ:** ਇਕੋ ਮੰਜ਼ਿਲ ਨੂੰ ਜਾਂਦੇ ਦੂਜੇ ਰਾਹ ਤੇ ਤੁਰਨ ਵਾਲੇ ਉਹ ਗੁਰਸਿਖ ਵੀਰ ਹਨ ਜੋ ਵੇਖ ਚੁੱਕੇ ਹਨ ਕਿ ਸਿਖ ਕੌਮ ਉਤੇ ਬਿਪਰਨ ਤਖਤ ਦਾ ਜਬਰੀ ਠੋਸਿਆ ਸਵਿਧਾਨ, ਸਿਖ ਕੌਮ ਨੂੰ ਆਪਣੇ ਦੇਸ਼ ਖਾਲਿਸਤਾਨ ਦੀ ਆਜਾਦੀ ਦੇ ਮੁਦੇ ਤੇ ਚੋਣ ਲੜਨ ਦਾ ਅਧਿਕਾਰ ਦੇਂਦਾ ਹੈ। ਇਸ ਅਧਿਕਾਰ ਦੀ ਵਰਤੋਂ ਨਾਲ ਪੰਥ ਦੇ ਆਜਾਦ ਦੇਸ਼ ਦੀ ਮਿਥੀ ਮੰਜ਼ਿਲ ਤੇ ਪਹੁੰਚਣਾਂ। ਜਿਵੇਂ ਵੀਰ ਅਤਿੰਦਰਪਾਲ ਸਿੰਘ ਜੀ ਆਪਜੀ ਅਤੇ ਆਪਜੀ ਦਾ ਦਲ, ਸ਼੍ਰੋਮਣੀ ਅਕਾਲੀ ਦਲ (ਇੰਟਰਨੈਸ਼ਨਲ) ਹੈ। ਜਿਸ ਨੂੰ ਬਿਪਰਨ ਤਖਤ ਦਾ ਕਾਨੂੰਨ ਜਦੋਂ ਚਾਹੇ, ਕੋਈ ਵੀ ਇਲਜਾਮ ਲਾਕੇ, ਖਾਲਿਸਤਾਨ ਦੇ ਮੁੱਦੇ ਤੇ ਚੋਣ ਲੜਨੋਂ ਰੋਕ ਸਕਦਾ ਹੈ। ਜਿਵੇਂ ਹੁਣ ਆਪਜੀ ਤੇ ਆਉਂਦੇ ਤਿੰਨ ਸਾਲਾਂ ਵਿਚ ਚੋਣ ਲੜਨ ਤੇ ਪਾਬੰਦੀ ਲਾ ਦਿੱਤੀ ਗਈ ਹੈ।

ਇਕੋ ਮੰਜ਼ਿਲ ਨੂੰ ਜਾਂਦੇ ਦੋ ਰਾਹ ਅਤੇ ਦੋਹਾਂ ਰਾਹਾਂ ਤੇ ਤੁਰੇ ਦੋ ਗਰੁਸਿਖ ਕਾਫਲਿਆਂ ਦਾ ਆਪਸ ਵਿਚ ਇਕ ਮੰਜ਼ਿਲ ਦੇ ਹੋਣ ਕਾਰਣ ਕਿਸੇ ਵੀ ਤਰਾਂ ਦਾ ਕੋਈ ਮਤਿਭੇਦ ਨਹੀਂ ਹੋ ਸਕਦਾ ਜੇ ਦੋਨੋਂ ਹੀ ਕਾਫਲੇ ਆਪਣੇ ਆਪਣੇ ਰਾਹਾਂ ਤੇ ਸਿਖ ਨਾਮ ਵਾਲੇ, ਸਿਖ ਸਰੂਪ ਵਾਲੇ ਸਿਦਕੀ ਨੈਸ਼ਨਲ ਮੰਡੇਲੇ ਬਣੀ, ਮੰਜ਼ਿਲ ਦੀ ਪ੍ਰਾਪਤੀ ਲਈ ਅਡੋਲ, ਬੇਖੋਫ ਤੁਰ ਰਹੇ ਹਨ।

ਖਾਲਸਾ ਪੰਥ ਦੇ ਆਜਾਦ ਦੇਸ਼ ਦੀ ਉਸਾਰੀ ਦੇ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਹੁਕਮਨਾਮੇ ਨੂੰ ਆਪਣੇ ਲਈ ਗੁਰੂ ਕਰਤੇ ਦਾ ਹੁਕਮ, ਰਜਾ ਅਤੇ ਅੱਜ ਦਾ ਕਰਮ-ਨਿਸ਼ਾਨ ਫੁਰਮਾਨ ਜਾਣਦੇ, ਗੁਰੂ ਆਸਰੇ ਇਸ ਦੀ ਪੂਰਤੀ ਲਈ ਤੁਰਿਆ ਇਹ ਕਾਫਲਾ,

ਆਪਜੀ ਦੇ ਦਲ ਦੁਆਰਾ ਬਿਪਰਨ ਤੱਖਤ ਅੱਗੇ ਖਾਲਸਾ ਪੰਥ ਦੀ ਇਕੋ ਇਕ ਮੰਗ, ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਹੀ ਚਿਤਾਰਨ ਅਤੇ ਇਸ ਦੀ ਆਜਾਦੀ ਹੀ ਆਪਣਾਂ ਚੋਣ ਮਨੋਰਥ ਕਰਨ ਕਰਕੇ, ਆਪਜੀ ਦੀ ਭਰਭੂਰ ਸ਼ਲਾਘਾ ਕਰਦਾ ਹੈ ਅਤੇ ਧੰਨਵਾਦ ਕਰਦਾ ਹੈ। ਨਾਲ ਹੀ ਉਨਾਂ ਗੁਰਸਿਖਾਂ ਲਈ, ਜੋ ਬਗਾਵਤ ਦੇ ਕੇਸਾਂ ਦਾ ਸਾਹਮਣਾਂ ਕਰਦੇ ਹੋਏ ਬਿਪਰਨ ਤਖਤ ਦੀ ਮਾਰ ਵੀ ਖਾ ਰਹੇ ਨੇ ਪਰ ਇਸ ਬਗਾਵਤ ਦੁਆਰਾ ਮਾਰ ਤੋਂ ਬਚਣ ਲਈ ਬਿਪਰਨ ਤਖਤ ਦੇ ਕਾਨੂੰਨ ਨੂੰ ਨਮਸਕਾਰਾਂ ਵੀ ਕਰ ਰਹੇ ਨੇ ਅਤੇ ਬਿਪਰਨ ਤਖਤ ਅੱਗੇ ਅਸਲ ਮੰਗ, ਹੱਕ ਆਜਾਦੀ ਲਈ ਦ੍ਰਿੜਿਤਾ ਨਾਲ ਨਿਤਰਨ ਦੀ ਥਾਂ ਡਗਮਗ ਨਿਕੀਆਂ ਨਿਕੀਆਂ ਲਈ ਮੰਗਾਂ ਦੇ ਮਤੇ ਪਾਸ ਕਰਦੇ ਹਨ, ਚੋਣਾਂ ਲੜਦੇ ਰਹੇ ਨੇ, ਗੁਰੂ ਅੱਗੇ ਅਰਦਾਸ ਕਰਦਾ ਹੈ ਕਿ ਗੁਰੂ ਮਹਾਰਾਜ ਇਨਾਂ ਉਦਮੀ ਅਤੇ ਕੁਰਬਾਨੀ ਦਾ ਜੇਰਾ ਰੱਖਣ ਵਾਲੇ ਸਾਡੇ ਵੀਰਾਂ ਨੂੰ ਦੁਬਧਾ ਦੀ ਡਗਮਗ ਵਿਚੋਂ ਕੱਢਣ। ਆਪਜੀ ਅਤੇ ਆਪਜੀ ਦੇ ਦਲ ਵਾਂਗ, ਆਪਣੀ ਇਕੋ ਮੰਗ, ਖਾਲਸੇ ਦੇ ਦੇਸ਼ ਦੀ ਆਜਾਦੀ ਅਤੇ ਇਸੇ ਹੀ ਇਕੋ ਚੋਣ ਮਨੋਰਥ ਦੁਆਰਾ ਸਮੂਹ ਗੁਰਸਿਖਾਂ ਨੂੰ ਏਕਤਾ ਬਖਸ਼ਣ। ਇਸ ਗੁਰਸਿਖ ਏਕਤਾ ਨੂੰ ਆਪਣੀ ਲੋਕ ਸ਼ਕਤੀ ਦੁਅਰਾ ਜਾਂ ਇਸ ਦੀ ਵੋਟ ਸ਼ਕਤੀ ਦੁਆਰਾ ਸਿਖ ਸਰੂਪ ਵਿਚ ਬਿਪਰਨ ਕਿਰਦਾਰ ਦਿਆਂ ਤੋਂ ਆਪਣੇ ਪਵਿਤ੍ਰ ਗੁਰਧਾਮਾਂ ਦੀ ਆਜਾਦੀ ਦਾ ਪਹਿਲਾ ਪੜਾ ਸਰ ਸਕ ਸਕਣ ਲਈ ਸੰਸਾਰ ਮੰਚ ਤੇ ਕਰਨ ਅਤੇ ਖਾਲਸੇ ਦੇ ਦੇਸ਼ ਦੀ ਆਜਾਦੀ ਲਈ ਇਸ ਗੁਰਸਿਖ ਕਾਫਲੇ ਨੂੰ ਆਪਣੇ ਤੇਜ ਪ੍ਰਤਾਪ ਦੀ ਬਖਸ਼ਿਸ ਕਰਨ ਤਾਂ ਜੋ ਅਸੀਂ ਗੁਰੂਆਂ ਦੀ ਧਰਤ ਇਸ ਗੁਰਸਿਖ ਕਾਫਲੇ ਨਾਲ ਆਪਣੇ ਆਜਾਦ ਦੇਸ਼ ਦੀ ਉਸਾਰੀ ਲਈ ਮੋਂਢੇ ਜੋੜ ਸਕੀਏ।

ਗੁਰੂ ਵਲੋਂ ਆਪਣੇ ਆਪਨੂੰ ਅਤੇ ਆਪਣੇ ਪ੍ਰਗਟਾਏ ਪੰਥ ਨੂੰ ਨੀਚੋਂ ਨੀਚ ਕਰਾਰਦਿਆਂ, ਉਚ ਜਾਤ ਅਭਿਮਾਨੀਆਂ ਨਾਲ ਸਾਂਝ ਪਾ ਲੈਣ ਦੀ ਥਾਂ, ਇਨਾਂ ਜਾਤ ਅਭਿਮਾਨੀਆਂ ਵਲੋਂ ਨੀਚ, ਸ਼ੁਦਰ ਐਲਾਨਕੇ ਲਤਾੜਿਆਂ ਨਾਲ ਸਾਂਝ ਪਾਕੇ, ਇਨਾਂ ਨਾਲ, ਇਨਾਂ ਦੀ ਕਿਤਾਰ ਵਿਚ ਖੜ੍ਹਾ ਕੀਤਾ ਸੀ ਅਤੇ ਗੁਰੂ ਵਲੋਂ ਸਿਰ ਮੰਗਣ ਤੇ ਇਨਾਂ ਵਿਚੋਂ ਹੀ ਲਾਲੋਕੇ ਹੋਏ, ਗੁਰੂ ਨੂੰ ਸਿਰ ਦੇਣ ਲਈ ਨਿਤਰੇ ਸਨ।

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥** (ਪੰਨਾ 15)
**ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥** (ਪੰਨਾ 266)
**ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ ॥ ਕੀਮਤਿ ਕਹੀ ਨ ਜਾਈਐ ਠਾਕੁਰ ਪਰਤਾਪੈ ॥** (ਪੰਨਾ 813)
**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥ ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥** (ਪੰਨਾ 1106)
**ਜੇਤੀ ਸ੍ਰਿਸਟਿ ਕਰੀ ਜਗਦੀਸਰਿ ਤੇ ਸਭਿ ਊਚ ਹਮ ਨੀਚ ਬਿਖਿਆਸ ॥**
**ਹਮਰੇ ਅਵਗੁਨ ਸੰਗਿ ਗੁਰ ਮੇਟੇ ਜਨ ਨਾਨਕ ਮੇਲਿ ਲੀਏ ਪ੍ਰਭ ਪਾਸ ॥** (ਪੰਨਾ 1295)

ਗੁਰਸਿਖ ਖਾਲਸਾ ਪੰਥ ਬਦੀ ਅਤੇ ਧ੍ਰੋਹ ਦੇ ਸਿਖਰ, ਬਿਪਰਨ ਤਖਤ ਤੋਂ ਆਪਣੀ ਆਜਾਦੀ ਲਈ ਸਿਖੀ ਸਿਦਕ ਦੀ ਅਡੋਲਾ ਨਾਲ ਨਿਤਰੇਗਾ ਅਤੇ ਤੁਰੇਗਾ ਤਾਂ ਗੁਰੂ ਵਲੋਂ ਜਿਨਾਂ ਨਾਲ ਖਾਲਸਾ ਪੰਥ ਦੀ ਸਾਂਝ ਪਾਕੇ, ਖਾਲਸਾ ਪੰਥ ਨੂੰ ਤੋਰਿਆ ਹੋਇਆ ਹੈ, ਉਹ ਆਪਣੇ ਦੇਸ਼ ਦੀ, ਆਪਣੇ ਪੰਥ ਦੀ ਅਤੇ ਬਿਪਰਨ ਵੱਲੋਂ ਨੀਚ ਕਰਾਰ ਦਿੱਤੇ ਹੋਏ ਆਪਣੇ ਸਮਾਜ ਦੀ ਆਜਾਦੀ ਲਈ ਆਪਣੇ ਗੁਰਸਿਖ ਭਾਈਆਂ ਦੇ ਕਾਫਲੇ ਨਾਲ ਤੁਰਨ ਲਈ ਆਪਣੇ ਆਪ ਨਿਤਰਨੇ ਸ਼ੁਰੂ ਹੋ ਜਾਵਣਗੇ।

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥**
**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥,**
**ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥** (ਪੰਨਾ 2)
**ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥**
**ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥** (ਪੰਨਾ 133)

ਇਹ ਗੁਰਸਿਖ ਕਾਫਲਾ ਜਰਮਨੀ ਤੋਂ ਮੁਖ ਸੰਪਾਦਕ ਬੀਬੀ ਗੁਰਦੀਸ਼ਪਾਲ ਕੌਰ ਅਤੇ ਪ੍ਰਬੰਧਕੀ ਸੰਪਾਦਕ ਵੀਰ ਬਲਦੇਵ ਸਿੰਘ ਜੀ ਦਾ ਹਾਰਦਿਕ ਧੰਨਬਾਦ ਅਤੇ ਸ਼ਲਾਘਾ ਕਰਦਾ ਹੈ ਜਿਨਾਂ ਵਲੋਂ ਆਪਣੀ ਇੰਟਰਨੈਟ ਆਖਬਾਰ ਤੇ ਬਿਪਰਨ ਤਖਤ ਤੋਂ ਬਾਗੀ ਇਸ ਕਾਫਲੇ ਦੇ ਵਿਚਾਰਾਂ ਨੂੰ ਛਾਪਕੇ ਸੰਗਤ ਵਿਚ ਰੱਖਣ ਦਾ ਹੌਸਲਾ ਅਤੇ ਉਦਮ ਕਰੀ ਰੱਖਿਆ ਹੈ।

ਅੰਤ ਤੇ ਦੇਸ਼ ਵਦੇਸ਼, ਜੂਨ ਚੌਰਾਸੀ ਦੇ ਸ਼ਹੀਦਾਂ ਦੀ ਯਾਦ ਵਿਚ ਜੁੜੀ ਸੰਗਤ ਨੂੰ ਇਸ ਕਾਫਲਾ ਵਲੋਂ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਇਸ ਗੁਰਸਿਖ ਕਾਫਲੇ ਦੇ ਹੁਕਮ ਅਤੇ ਤਰਫੋਂ
ਇਕੋ ਇਕ ਨਾਨਕ ਦੇ ਦਰ ਦਾ, ਗੁਰੂ ਪੰਥ ਦਾ ਦਾਸ
ਐਨ. ਕਮਲ-ਫੇਹਰਨਬੱਖ ਉਰਫ ਬਿਧੀ ਸਿੱਘ ਬੱਬਰ (Eschborn 21.05.2009)

ਨੋਟ: ਇਕੋ ਇਕ ਨਾਨਕ ਦੇ ਦਰ ਦੇ ਇਸ ਪ੍ਰਾਣੀ ਨੂੰ ਤੇ ਅਜੇ ਗੁਰੂ ਕਿਰਦਾਰ ਤੋਂ ਇਨਸਾਨ ਕਰਨ ਹੀ ਤੋਰਿਆ ਹੋਇਆ ਹੈ ਜਿਸ ਦੀ ਅਰਦਾਸ, ਪਵਿਤ੍ਰ ਇਨਸਾਨ ਕਿਰਦਾਰ, ਗੁਰੂ ਦਾ ਸਿਖ ਹੋਣਾਂ ਹੈ ਅਤੇ ਆਪਣੇ ਗੁਰਸਿਖ ਭਾਈਆਂ ਦੇ ਇਸ ਕਾਫਲੇ ਨਾਲ ਮੌਂਢਾ ਜੋੜਕੇ ਆਪਣੇ ਖਾਲਸਾ ਪੰਥ ਦੇ ਦੇਸ਼ ਨੂੰ ਬਿਪਰਣ ਤਖਤ ਤੋਂ ਆਜਾਦ ਕਰਵਾਣਾਂ ਹੈ।

**ਮੈ ਮੂਰਖ ਕੀ ਗਤਿ ਕੀਜੈ ਮੇਰੇ ਰਾਮ ॥ ਗੁਰ ਸਤਿਗੁਰ ਸੇਵਾ ਹਰਿ ਲਾਇ ਹਮ ਕਾਮ ॥,**
**ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ ॥**
**ਹਮ ਪਾਪੀ ਸੰਗਿ ਗੁਰ ਉਬਰੇ ਪੁੰਨੁ ਸਤਿਗੁਰ ਕੇਰਾ ॥** (ਪੰਨਾ 166)
**ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥**
**ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥** (ਪੰਨਾ 1424)

N. Kamal-Fehrenbach
Schöne Aussicht 74a
65760 Eschborn
Germany
Tel: 06173 67103, Fax: 06173 640321, Email : ef-nk@t-online.de